# ਮੈਨਹੱਟਨ (Manhattan)

ਡਿਸਟ੍ਰਿਕਟ 1–10

**ਅਗਾਊਂ ਵੋਟਿੰਗ**
28 ਅਕਤੂਬਰ–5 ਨਵੰਬਰ

**ਚੋਣ-ਦਿਵਸ**
7 ਨਵੰਬਰ

## 2023 nyc ਦੀਆਂ ਆਮ ਚੋਣਾਂ

# ਵੋਟਰ ਗਾਈਡ

**ਵੋਟਿੰਗ ਕਰਨਾ ਬਹੁਤ ਹੀ ਸਰਲ**
nycvotes.org/pa

NYC VOTES

ਨਿਊਯਾਰਕ ਸ਼ਹਿਰ ਦਾ ਕੈਂਪੇਨ ਫਾਇਨਾਂਸ ਬੋਰਡ ਦੀ ਇੱਕ ਪਹਿਲ

# 2023 NYC ਵੋਟਰ ਗਾਈਡ

ਤੁਹਾਨੂੰ ਇਹ ਵੋਟਰ ਗਾਈਡ ਮਿਲ ਰਹੀ ਹੈ, ਕਿਉਂਕਿ ਤੁਸੀਂ ਇੱਕ ਰਜਿਸਡਰਡ ਵੋਟਰ ਹੋ ਅਤੇ ਹੁਣੇ ਜਿਹੀ ਹੋਈ ਚੋਣ ਵਿੱਚ ਤੁਸੀਂ ਵੋਟ ਪਾਈ ਸੀ। ਆਪਣੀ ਡਿਸਟ੍ਰਿਕਟ ਲਈ ਉਮੀਦਵਾਰਾਂ ਦੀ ਸਭ ਤੋਂ ਅਪਡੇਟ ਸੂਚੀ ਵੇਖਣ ਲਈ **punjabi.nycvotes.org/candidates** 'ਤੇ ਜਾਓ।

### ਮੈਂ ਵੋਟ ਕਦੋਂ ਪਾਵਾਂ?

- ਆਮ ਚੋਣ ਮੰਗਲਵਾਰ, 7 ਨਵੰਬਰ ਨੂੰ ਹੈ।
- ਤੁਸੀਂ ਸ਼ਨਿਚਰਵਾਰ, 28 ਅਕਤੂਬਰ ਤੋਂ ਐਤਵਾਰ, 5 ਨਵੰਬਰ ਤੱਕ ਅਗਾਊਂ ਵੋਟ ਪਾ ਸਕਦੇ ਹੋ। ਸੋਮਵਾਰ, 6 ਨਵੰਬਰਨੂੰ ਕੋਈ ਅਗਾਊਂ ਵੋਟਿੰਗ ਨਹੀਂ ਹੋਏਗੀ।

### ਮੈਂ ਕਿਸ ਲਈ ਵੋਟਿੰਗ ਕਰ ਰਿਹਾ/ਰਹੀ ਹਾਂ?

**ਦਫ਼ਤਰ**

- ਸਿਟੀ ਕੌਂਸਲ
- ਡਿਸਟ੍ਰਿਕਟ ਅਟਾਰਨੀ (ਬ੍ਰੌਂਕਸ (Bronx), ਕੁਈਨਸ (Queens), ਸਟੇਟਨ ਆਈਲੈਂਡ (Staten Island))
- ਸਟੇਟ ਸੁਪਰੀਮ ਅਦਾਲਤ ਦੇ ਜਸਟਿਸ (ਮੈਨਹਟਨ (Manhattan), ਬ੍ਰੌਂਕਸ, ਕੁਈਨਸ, ਬਰੁਕਲਿਨ (Brooklyn))
- ਸਿਵਿਲ ਅਦਾਲਤ ਦੇ ਜੱਜ
- ਸਰੋਗੇਟ ਦੀ ਅਦਾਲਤ (ਬਰੁਕਲਿਨ)
- ਤਜਵੀਜ਼ਾਂ ਵਾਲ਼ੀ ਵੋਟ-ਪਰਚੀ

ਤੁਸੀਂ ਕਿੱਥੇ ਰਹਿੰਦੇ ਹੋ, ਦੇ ਅਧਾਰ 'ਤੇ ਤੁਹਾਡੀ ਵੋਟ-ਪਰਚੀ 'ਤੇ ਦਫ਼ਤਰ ਅਲੱਗ ਹੋ ਸਕਦੇ ਹਨ। **vote.nyc/page/find-your-poll-site** 'ਤੇ ਆਪਣੀ ਵੋਟ-ਪਰਚੀ ਵੇਖੋ।

### ਚੋਣ ਦੀਆਂ ਤਾਰੀਖ਼ਾਂ ਅਤੇ ਅੰਤਮ-ਤਾਰੀਖ਼ਾਂ

| | |
|---|---|
| **23 ਅਕਤੂਬਰ** | ਗੈਰਹਾਜ਼ਰ ਬੈਲਟ ਬਾਰੇ ਬੇਨਤੀ ਦੀ ਅੰਤਮ-ਤਾਰੀਖ਼ (ਔਨਲਾਈਨ ਜਾਂ ਡਾਕ ਰਾਹੀਂ)<br>*ਜੇ ਤੁਸੀਂ ਗੈਰਹਾਜ਼ਰ ਬੈਲਟ ਬਾਰੇ ਬੇਨਤੀ ਫ਼ਾਰਮ ਡਾਕ ਰਾਹੀਂ ਭੇਜਦੇ ਹੋ, ਤਾਂ ਚੋਣ ਬੋਰਡ (Board of Elections) ਨੂੰ ਇਸ ਤਾਰੀਖ਼ ਤੱਕ ਜ਼ਰੂਰ ਮਿਲਣਾ ਚਾਹੀਦਾ ਹੈ। |
| **28 ਅਕਤੂਬਰ** | ਵੋਟਰ ਰਜਿਸਟ੍ਰੇਸ਼ਨ ਦੀ ਅੰਤਮ-ਤਾਰੀਖ਼<br>ਅਗਾਊਂ ਵੋਟਿੰਗ ਸ਼ੁਰੂ ਹੋਣੀ ਹੈ |
| **5 ਨਵੰਬਰ** | ਅਗਾਊਂ ਵੋਟਿੰਗ ਖ਼ਤਮ ਹੋਣੀ ਹੈ |
| **6 ਨਵੰਬਰ** | ਗੈਰਹਾਜ਼ਰ ਬੈਲਟ ਬਾਰੇ (ਚੋਣ ਬੋਰਡ ਦੇ ਦਫ਼ਤਰ ਵਿੱਚ ਆਪ ਆਕੇ) ਅੰਤਮ-ਤਾਰੀਖ਼ ਦੀ ਬੇਨਤੀ ਕੀਤੀ ਜਾ ਸਕਦੀ ਹੈ। |
| **7 ਨਵੰਬਰ** | ਆਮ ਚੋਣ ਦਿਹਾੜਾ<br>(ਸਵੇਰੇ 6:00 ਵਜੇ – ਸ਼ਾਮੀਂ 9:00 ਵਜੇ)<br>ਆਪਣੀ ਗੈਰਹਾਜ਼ਰ ਬੈਲਟ (ਵੋਟ-ਪਰਚੀ) 'ਤੇ ਪੋਸਟਮਾਰਕ ਜਾਂ ਵੋਟਾਂ ਪੈਣ ਦੀ ਥਾਂ 'ਤੇ ਇਸ ਨੂੰ ਪਾਉਣ ਦੀ ਅੰਤਮ ਤਾਰੀਖ਼ |

**nycvotes.org/pa** 'ਤੇ ਹੋਰ ਜਾਣੋ!

## ਵਿਸ਼ਾ-ਵਸਤੂ


3 ਵੋਟ ਕਿਵੇਂ ਪਾਓ
4 ਆਪਣੀ ਵੋਟਾਂ ਪੈਣ ਦੀ ਥਾਂ 'ਤੇ ਕੀ ਉਮੀਦ ਕਰੋ
5 ਵੋਟਰ ਵਜੋਂ, ਮੇਰੇ ਕਿਹੜੇ ਹੱਕ ਹਨ?
6 ਪਹੁੰਚਯੋਗਤਾ
7 ਸੈਂਪਲ ਵੋਟ
8 ਚੁਣੇ ਗਏ ਅਧਿਕਾਰੀ ਕੀ ਕਰਦੇ ਹਨ?
9 ਸਿਟੀ ਕੌਂਸਲ ਬਾਰੇ
11 ਵੋਟ-ਪਰਚੀ 'ਤੇ ਉਮੀਦਵਾਰ
42 ਤਜਵੀਜ਼ਾਂ ਵਾਲੀ ਵੋਟ-ਪਰਚੀ
45 NYC Votes ਬਾਰੇ
46 ਅਕਸਰ ਪੁੱਛੇ ਜਾਣ ਵਾਲੇ ਸੁਆਲ
48 ਚੋਣ ਬੋਰਡ ਨਾਲ ਸੰਪਰਕ ਕਰੋ

# ਵੋਟ ਕਿਵੇਂ ਪਾਓ

## ਵੋਟਾਂ ਪੈਣ ਦੀ ਥਾਂ ਅਤੇ ਵੋਟਿੰਗ ਦੇ ਸਮੇਂ:

**ਵੋਟਾਂ ਪੈਣ ਦੀ ਥਾਂ ਅਤੇ ਵੋਟਿੰਗ ਦੇ ਸਮੇਂ ਦਾ ਪਤਾ ਲਾਓ:**

- **nycvotes.org/pa** 'ਤੇ ਜਾਓ
- NYC ਚੋਣ ਬੋਰਡ ਨੂੰ 866-VOTE-NYC (866-868-3692) ਜਾਂ TTY 212-487- 5496 'ਤੇ ਕਾੱਲ ਕਰੋ।

## ਚੋਣ-ਦਿਵਸ

ਚੋਣ ਦਿਹਾੜੇ 'ਤੇ ਵੋਟਾਂ 7 ਨਵੰਬਰ ਨੂੰ ਸਵੇਰੇ 6:00 ਵਜੇ ਤੋਂ ਸ਼ਾਮੀਂ 9:00 ਵਜੇ ਤੱਕ ਪੈਣੀਆਂ ਹਨ। ਤੁਹਾਨੂੰ ਆਪਣੀ ਮਿੱਥੀ ਹੋਈ ਵੋਟਾਂ ਪੈਣ ਦੀ ਥਾਂ 'ਤੇ ਹੀ ਵੋਟ ਪਾਉਣੀ ਚਾਹੀਦੀ ਹੈ।

ਵੋਟਾਂ ਪੈਣ ਦੀ ਥਾਂ ਬਦਲ ਸਕਦੀਆਂ ਹਨ, ਇਸ ਲਈ ਘਰੋਂ ਚੱਲਣ ਤੋਂ ਪਹਿਲਾਂ ਪਤਾ ਲਾਉਣਾ ਯਕੀਨੀ ਬਣਾਓ!

## ਅਗਾਊਂ ਵੋਟਿੰਗ

ਤੁਸੀਂ ਚੋਣ-ਦਿਵਸ ਤੋਂ ਪਹਿਲਾਂ ਆਪ ਜਾਕੇ ਅਗਾਊਂ ਵੋਟ ਪਾਓ ਸਕਦੇ ਹੋ!

**ਕੀ ਪਤਾ ਹੋਣਾ ਚਾਹੀਦਾ ਹੈ**

- ਤੁਹਾਡੀ ਅਗਾਊਂ ਵੋਟਿੰਗ ਦੀ ਥਾਂ ਨਿਰਧਾਰਿਤ ਹੈ, ਇਸ ਗੱਲ ਦੀ ਸੰਭਾਵਨਾ ਹੈ ਕਿ ਉਹ ਤੁਹਾਡੀ ਚੋਣ-ਦਿਵਸ ਵਾਲੀ ਵੋਟਾਂ ਪੈਣ ਦੀ ਥਾਂ ਤੋਂ ਵੱਖਰੀ ਹੋ ਸਕਦੀ ਹੈ।
- ਰੋਜ਼ ਸਮੇਂ ਅਲੱਗ-ਅਲੱਗ ਹੁੰਦੇ ਹਨ, ਇਸ ਲਈ ਘਰੋਂ ਚੱਲਣ ਤੋਂ ਪਹਿਲਾਂ ਆਪਣੀ ਵੋਟਾਂ ਪੈਣ ਦੀ ਥਾਂ ਪੁਸ਼ਟੀ ਕਰਨਾ ਯਕੀਨੀ ਬਣਾਓ।

**ਅਗਾਊਂ ਵੋਟਿੰਗ ਦੀਆਂ ਤਾਰੀਖ਼ਾਂ**

ਸ਼ਨਿਚਰਵਾਰ, 28 ਅਕਤੂਬਰ ਤੋਂ ਐਤਵਾਰ, 5 ਨਵੰਬਰ ਤੱਕ।

## ਡਾਕ ਰਾਹੀਂ ਵੋਟ

ਜੇ ਤੁਹਾਡਾ ਕੋਈ ਜਾਇਜ਼ ਕਾਰਣ ਹੈ, ਜਿਵੇਂ ਚੋਣ-ਦਿਵਸ 'ਤੇ ਨਿਊਯਾਰਕ ਤੋਂ ਦੂਰ ਹੋ ਜਾਂ ਬਿਮਾਰੀ ਜਾਂ ਸਰੀਰਕ ਅਸਮਰੱਥਾ (ਅਪੰਗਤਾ) ਹੈ, ਤਾਂ ਤੁਸੀਂ ਗੈਰਹਾਜ਼ਰ ਬੈਲਟ ਲਈ ਬੇਨਤੀ ਕਰ ਸਕਦੇ ਹੋ।

ਆਪਣੀ ਵੋਟ-ਪਰਚੀ ਦੀ ਆੱਨਲਾਈਨ ਬੇਨਤੀ ਕਰਨ ਜਾਂ ਚੋਣ ਬੋਰਡ ਨੂੰ ਡਾਕ ਰਾਹੀਂ ਤੁਹਾਡੀ ਬੇਨਤੀ ਮਿਲਣ ਦੀ ਅੰਤਮ-ਤਾਰੀਖ਼ 23 ਅਕਤੂਬਰ ਹੈ।

ਜੇ ਤੁਹਾਡਾ ਡਾਕ ਰਾਹੀਂ ਵੋਟ ਪਾਉਣ ਦਾ ਪਲਾਨ ਹੈ, ਤਾਂ ਸਿਰਫ਼ ਗੈਰਹਾਜ਼ਰ ਬੈਲਟ ਦੀ ਬੇਨਤੀ ਕਰੋ। ਜੇ ਤੁਸੀਂ ਗੈਰਹਾਜ਼ਰ ਬੈਲਟ ਲਈ ਬੇਨਤੀ ਕਰਨ ਤੋਂ ਬਾਅਦ ਆਪ ਜਾਕੇ ਵੋਟ ਪਾਉਣ ਦੀ ਚੋਣ ਕਰਦੇ ਹੋ, ਤਾਂ ਤੁਹਾਨੂੰ ਆਪਣੀ ਵੋਟਾਂ ਪੈਣ ਦੀ ਥਾਂ 'ਤੇ ਹਲਫ਼ਨਾਮੇ ਵਾਲੀ ਵੋਟ-ਪਰਚੀ ਨਾਲ ਵੋਟ ਪਾਉਣੀ ਪਏਗੀ।

**ਤੁਸੀਂ ਆਪਣੀ ਗੈਰਹਾਜ਼ਰ ਬੈਲਟ ਲਈ ਕਿਵੇਂ ਬੇਨਤੀ ਕਰੋ:**

- **nycabsentee.com** 'ਤੇ ਜਾਓ।
- ਸੁਣਨ ਵਿੱਚ ਦਿੱਕਤ ਵਾਲੇ ਲੋਕਾਂ ਲਈ NYC ਚੋਣ ਬੋਰਡ (Board of Elections) ਨੂੰ 866-VOTE-NYC (866-868-3692) ਜਾਂ TTY 212-487-5496 'ਤੇ ਕਾੱਲ ਕਰੋ।
- ਆਪਣੇ ਸਥਾਨਕ NYC ਚੋਣ ਬੋਰਡ ਵਿਖੇ ਜਾਓ ਦਫ਼ਤਰ। ਆਪ ਜਾਕੇ ਆਪਣੀ ਬੇਨਤੀ ਸਬਮਿਟ ਕਰਨ ਦੀ ਅੰਤਮ-ਤਾਰੀਖ਼ 6 ਨਵੰਬਰ ਹੈ।

**ਜੇ ਤੁਹਾਨੂੰ ਘੱਟ ਦਿਸਦਾ ਹੈ ਜਾਂ ਅਸਮਰੱਥਾ (ਅਪੰਗਤਾ) ਹੋ।**

ਸਕ੍ਰੀਨ ਰੀਡਰ ਰਾਹੀਂ ਆਪਣੀ ਵੋਟ-ਪਰਚੀ ਪੜ੍ਹਣ ਲਈ, ਤੁਸੀਂ **nycabsentee.com/accessibility** 'ਤੇ ਆੱਨਲਾਈਨ ਜਾਂ ਉਪਰ ਦਿੱਤੇ ਗਏ ਨੰਬਰ 'ਤੇ ਕਾੱਲ ਕਰਕੇ ਉਪਲਬਧ ਗੈਰਹਾਜ਼ਰ ਬੈਲਟ ਲਈ ਬੇਨਤੀ ਕਰ ਸਕਦੇ ਹੋ।

**ਆਪਣੀ ਵੋਟ-ਪਰਚੀ ਟ੍ਰੈਕ ਕਰਨੀ**

ਤੁਸੀਂ **nycabsentee.com/tracking** 'ਤੇ NYC ਚੋਣ ਬੋਰਡ ਤੋਂ ਆਪਣੀ ਵੋਟ-ਪਰਚੀ ਟ੍ਰੈਕ ਕਰ ਸਕਦੇ ਹੋ।

# ਆਪਣੀ ਵੋਟਾਂ ਪੈਣ ਦੀ ਥਾਂ 'ਤੇ ਕੀ ਉਮੀਦ ਕਰੋ

## ਪਹੁੰਚਣ ਵੇਲੇ ਚੈਕ ਇਨ ਕਰੋ

ਜਦੋਂ ਤੁਸੀਂ ਅੰਦਰ ਜਾਂਦੇ ਹੋ, ਤਾਂ ਇੱਕ ਚੋਣ ਵਰਕਰ ਤੁਹਾਨੂੰ ਦਰਸਾਏਗਾ ਕਿ ਤੁਸੀਂ ਕਿੱਥੇ ਸਾਈਨ ਇਨ ਕਰਨਾ ਹੈ। ਉਹ ਤੁਹਾਡੇ ਬਾਰੇ ਰਜਿਸਟਰਡ ਵੋਟਰਾਂ ਦੀ ਸੂਚੀ ਵਿੱਚ ਵੇਖੇਗਾ ਅਤੇ ਤੁਹਾਨੂੰ ਵੋਟ-ਪਰਚੀ ਸੌਂਪਣ ਤੋਂ ਪਹਿਲਾਂ ਤੁਹਾਡੇ ਦਸਤਖ਼ਤ ਦੀ ਜਾਂਚ ਕਰੇਗਾ।

**ਸੁਝਾਅ: ਜੇ ਤੁਹਾਨੂੰ ਚੋਣ ਬੋਰਡ ਡਾਕ ਰਾਹੀਂ ਫ਼ਾਸਟ ਪਾਸ (Fast Pass) ਮਿਲਦਾ ਹੈ, ਤਾਂ ਤੇਜ਼ੀ ਨਾਲ ਚੈਕ ਇਨ ਕਰਨ ਲਈ ਇਸ ਨੂੰ ਆਪਣੇ ਨਾਲ ਲਿਆਓ!**

*ਵੋਟ ਪਾਉਣ ਲਈ ਤੁਹਾਨੂੰ ID ਵਿਖਾਉਣ ਦੀ ਲੋੜ ਨਹੀਂ ਹੈ, ਜਦ ਤੱਕ ਕਿ ਤੁਸੀਂ ਪਹਿਲੀ ਵਾਰੀ ਦਾ ਵੋਟਰ ਹੋ, ਜਿਸਨੇ ਵੋਟ ਪਾਉਣ ਲਈ ਰਜਿਸਟਰ ਕਰਨ ਵੇਲੇ DMV ਜਾਂ ਸੋਸ਼ਲ ਸਿਕਿਓਰਿਟੀ ਨੰਬਰ ਨਹੀਂ ਵਿਖਾਇਆ ਸੀ।

## ਆਪਣੀ ਵੋਟ-ਪਰਚੀ ਭਰੋ

ਆਪਣੀ ਪਸੰਦ ਦੇ ਬਿਲਕੁਲ ਸਾਹਮਣੇ ਅੰਡਾਕਾਰ ਥਾਂ ਪੂਰੀ ਤਰ੍ਹਾਂ ਭਰਕੇ ਆਪਣੀ ਵੋਟ-ਪਰਚੀ 'ਤੇ ਨਿਸ਼ਾਨ ਲਾਓ।

ਜੇ ਤੁਹਾਡੇ ਤੋਂ ਕੋਈ ਗ਼ਲਤੀ ਹੋ ਗਈ ਹੈ ਜਾਂ ਆਪਣੀ ਵੋਟ-ਪਰਚੀ ਬਾਰੇ ਸੁਆਲ ਹੈ, ਤਾਂ ਤੁਸੀਂ ਮਦਦ ਲਈ ਪੋਲ ਵਰਕਰ ਨੂੰ ਪੁੱਛ ਸਕਦੇ ਹੋ!

*ਆਪਣੀ ਵੋਟ-ਪਰਚੀ ਦੇ ਦੋਹਾਂ ਪਾਸੇ ਨਿਸ਼ਾਨ ਲਾਉਣਾ ਯਾਦ ਰੱਖੋ, ਤਾਂ ਜੋ ਤੁਹਾਡੇ ਤੋਂ ਕੁਝ ਖੁੰਝ ਨਾ ਜਾਏ।

## ਆਪਣੀ ਵੋਟ-ਪਰਚੀ ਸਕੈਨ ਕਰੋ

ਤੁਹਾਡੀ ਵੋਟ-ਪਰਚੀ ਭਰਦਿਆਂ ਸਾਰ ਹੀ, ਸਕੈਨਰ ਵਿੱਚ ਤੁਹਾਡੀ ਵੋਟ-ਪਰਚੀ ਪਾਉਣ ਲਈ ਇੱਕ ਪੋਲ ਵਰਕਰ ਤੁਹਾਡੀ ਮਦਦ ਕਰੇਗਾ। ਤੁਹਾਡੀ ਵੋਟ ਅੰਦਰ ਜਾਣ 'ਤੇ ਸਕੈਨਰ ਤੁਹਾਨੂੰ ਦੱਸੇਗਾ।

## ਆਪਣਾ ਸਟਿੱਕਰ ਪ੍ਰਾਪਤ ਕਰੋ

ਆਪਣਾ ਸਟਿੱਕਰ ਲਓ! ਇਸ ਨੂੰ ਲਾਓ, ਦਰਸਾਓ ਅਤੇ ਯਕੀਨੀ ਬਣਾਓ ਕਿ ਤੁਹਾਡੇ ਦੋਸਤ ਅਤੇ ਪਰਿਵਾਰ ਦੀ ਵੋਟ ਪਾਉਣ ਦਾ ਪਲਾਨ ਬਣਾ ਰਿਹਾ ਹੈ।

# ਇੱਕ ਵੋਟਰ ਦੇ ਤੌਰ 'ਤੇ ਮੇਰੇ ਕੀ ਹੱਕ ਹਨ?

## ਆਮ ਚੋਣ ਵਿੱਚ ਤੁਹਾਨੂੰ ਵੋਟ ਕਰਨ ਦਾ ਹੱਕ ਹੈ, ਜੇ:

- ਤੁਸੀਂ ਇੱਕ ਰਜਿਸਟਰਡ ਵੋਟਰ ਹੋ।
- ਬੰਦ ਹੋਣ ਸਮੇਂ ਤੁਸੀਂ ਆਪਣੀ ਵੋਟਾਂ ਪੈਣ ਦੀ ਥਾਂ 'ਤੇ ਲਾਈਨ ਵਿੱਚ ਹੋ।

## ਕਿਸੇ ਵੀ ਚੋਣ ਵਿੱਚ ਤੁਹਾਨੂੰ ਹੇਠਾਂ ਦਿੱਤੇ ਹੱਕ ਹਨ:

- ਜੇ ਤੁਹਾਨੂੰ ਭਾਸ਼ਾ ਵਿੱਚ ਮਦਦ ਦੀ ਲੋੜ ਹੈ, ਤਾਂ ਮਦਦ ਲਈ ਇੱਕ ਚੋਣ ਵਰਕਰ ਜਾਂ ਦੁਭਾਸੀਆ ਲਈ ਪੁੱਛੋ। ਦੁਭਾਸੀਆ ਬਾਰੇ ਹੋਰ ਜਾਣਕਾਰੀ ਲਈ ਸੁਣਨ ਵਿੱਚ ਦਿੱਕਤ ਵਾਲਿਆਂ ਲਈ 866-VOTE-NYC (866-868-3692) ਜਾਂ TTY 212-487-5496 'ਤੇ ਕੱਲ ਕਰੋ।
- ਵੋਟ ਪਾਉਣ ਵਿੱਚ ਮਦਦ ਲਈ ਆਪਣੇ ਨਾਲ (ਆਪਣੇ ਰੋਜ਼ਗਾਰਦਾਤਾ ਜਾਂ ਯੂਨੀਅਨ ਦੇ ਨੁਮਾਇੰਦੇ ਨੂੰ ਛੱਡਕੇ) ਕਿਸੇ ਨੂੰ ਲਿਆਓ।
- ਆਪਣੇ ਨਾਲ ਸਮਗ੍ਰੀ ਲਿਆਓ, ਇਸ ਵਿੱਚ ਵੋਟਰ ਗਾਈਡ ਸ਼ਾਮਿਲ ਹੈ।
- ਭਾਵੇਂ ਵੋਟਿੰਗ ਮਸ਼ੀਨ ਟੁੱਟੀ ਹੋਈ ਹੈ, ਫਿਰ ਵੀ ਵੋਟ ਪਾਓ।
- ਜੇ ਤੁਹਾਡੀ ਵੋਟਰ ਵੋਟਾਂ ਪੈਣ ਦੀ ਥਾਂ ਦੀ ਸੂਚੀ ਵਿੱਚ ਤੁਹਾਡਾ ਨਾਂ ਨਹੀਂ ਹੈ, ਤਾਂ ਹਲਫ਼ਨਾਮੇ ਵਾਲੀ ਵੋਟ-ਪਰਚੀ ਨਾਲ ਵੋਟ ਪਾਓ।
- ਪਹੁੰਚਯੋਗ ਪੋਲਿੰਗ ਥਾਂ ਉਹ ਹੈ, ਜਿੱਥੇ ਕੋਈ ਸਰੀਰਕ ਅੜਿੱਕੇ ਨਾ ਹੋਣ।
- ਆਪਣੀ ਵੋਟ-ਪਰਚੀ ਪਾਉਣ ਲਈ ਪਹੁੰਚਯੋਗ ਵੋਟਿੰਗ ਮਸ਼ੀਨ ਦੀ ਵਰਤੋਂ ਕਰੋ।
- ਆਪਣੀ ਸਮਰੱਥਾ ਜਾਂ ਅਸਮਰੱਥਾ (ਅਪੰਗਤਾ)ਦੀ ਪਰਵਾਹ ਕੀਤੇ ਬਿਨਾ ਵੋਟ ਪਾਓ।

## ਫ਼ੌਜਦਾਰੀ ਜਾਂ ਸੰਗੀਨ ਜੁਰਮ ਦੀ ਸਜ਼ਾ ਵਾਲੇ ਲੋਕਾਂ ਲਈ ਵੋਟਿੰਗ ਦੇ ਹੱਕ:

- ਛੋਟੇ ਜੁਰਮ ਅਤੇ ਸਜ਼ਾ ਦੀ ਉਲੰਘਣਾ ਤੁਹਾਨੂੰ ਵੋਟ ਪਾਉਣ ਤੋਂ ਨਹੀਂ ਰੋਕਦੀ, ਭਾਵੇਂ ਤੁਸੀਂ ਜੇਲ੍ਹ ਵਿੱਚ ਸਜ਼ਾ ਕੱਟ ਰਹੇ ਹੋ।
- ਜੇ ਇਸ ਸਮੇਂ ਤੁਸੀਂ ਸੰਗੀਨ ਜੁਰਮ ਦੀ ਸਜ਼ਾ ਕਰਕੇ ਜੇਲ੍ਹ ਵਿੱਚ ਬੰਦ ਹੋ, ਤਾਂ ਤੁਸੀਂ ਵੋਟ ਨਹੀਂ ਪਾ ਸਕਦੇ। ਹਾਲਾਂਕਿ, ਜੇ ਤੁਹਾਨੂੰ ਸੰਗੀਨ ਜੁਰਮ ਕਰਕੇ ਸਜ਼ਾ ਹੋਈ ਹੈ ਅਤੇ ਤੁਹਾਡੀ ਸਜ਼ਾ ਰੱਦ ਕਰ ਦਿੱਤੀ ਗਈ ਹੈ, ਤਾਂ ਤੁਸੀਂ ਵੋਟ ਪਾ ਸਕਦੇ ਹੋ।
- ਜੇ ਤੁਹਾਨੂੰ ਸੰਗੀਨ ਜੁਰਮ ਕਰਕੇ ਸਜ਼ਾ ਹੋਈ ਹੈ ਅਤੇ ਤੁਸੀਂ ਜੇਲ੍ਹ ਤੋਂ ਰਿਹਾ ਹੋ ਗਏ ਹੋ, ਤਾਂ ਤੁਸੀਂ ਵੋਟ ਪਾ ਸਕਦੇ ਹੋ। ਹਾਲਾਂਕਿ, ਤੁਹਾਨੂੰ ਫਿਰ ਤੋਂ ਵੋਟ ਪਾਉਣ ਲਈ ਰਜਿਸਟਰ ਕਰਨਾ ਚਾਹੀਦੀ ਹੈ।
- ਜੇ ਤੁਸੀਂ ਇਸ ਸਮੇਂ ਪ੍ਰੋਬੇਸ਼ਨ ਜਾਂ ਪੈਰੋਲ 'ਤੇ ਹੋ, ਤਾਂ ਤੁਸੀਂ ਵੋਟ ਪਾ ਸਕਦੇ ਹੋ।
- ਜੇ ਤੁਸੀਂ ਇਸ ਸਮੇਂ ਦੁਰਵਿਹਾਰ ਸਬੰਧੀ ਜੁਰਮ ਬਦਲੇ ਜੇਲ੍ਹ ਵਿੱਚ ਹੋ ਜਾਂ ਮੁਕੱਦਮੇ ਦੀ ਉਡੀਕ ਕਰ ਰਹੇ ਹੋ, ਤਾਂ ਤੁਸੀਂ ਵੋਟ ਪਾ ਸਕਦੇ ਹੋ।

## ਜੇ ਤੁਹਾਨੂੰ ਮਦਦ ਚਾਹੀਦੀ ਹੈ, ਕਿਸ ਨਾਲ ਸੰਪਰਕ ਕਰੋ:

- ਜੇ ਤੁਹਾਡੀ ਵੋਟਾਂ ਪੈਣ ਦੀ ਥਾਂ 'ਤੇ ਕੋਈ ਮਸਲਾ ਹੈ, ਤਾਂ ਪੋਲ ਵਰਕਰ ਨੂੰ ਦੱਸੋ ਜਾਂ 866-VOTE-NYC (866-868-3692) ਜਾਂ TTY 212-487-5496 'ਤੇ NYC ਚੋਣ ਬੋਰਡ ਨਾਲ ਸੰਪਰਕ ਕਰੋ।
- ਜੇ ਤੁਹਾਡੇ ਹੱਕਾਂ ਦੀ ਉਲੰਘਣਾ ਹੋਈ ਹੈ, ਤਾਂ ਸਿਖਲਾਈਪ੍ਰਾਪਤ ਚੋਣ ਪ੍ਰੋਟੈਕਸ਼ਨ ਵਾੱਲੰਟੀਅਰ ਨਾਲ ਗੱਲ ਕਰਨ ਲਈ ਚੋਣ ਪ੍ਰੋਟੈਕਸ਼ਨ ਹਾੱਟਲਾਈਨ ਨੂੰ 866-OUR-VOTE (866-687-8683) 'ਤੇ ਕਾੱਲ ਕਰੋ ਅਤੇ ਮੁਫ਼ਤ ਕਾਨੂੰਨੀ ਮਦਦ ਲਓ।
- (866) 390-2992 'ਤੇ ਕਾੱਲ ਕਰਕੇ ਨਿਊਯਾਰਕ ਅਟਾਰਨੀ ਜਨਰਲ ਨਾਲ ਸ਼ਿਕਾਇਤ ਸਾਂਝੀ ਕਰੋ ਜਾਂ **ag.ny.gov/election-hotline** 'ਤੇ ਜਾਓ।

# ਪਹੁੰਚਯੋਗਤਾ

ਹਰ ਇੱਕ ਨਿਊਯਾਰਕ ਵੋਟਰ ਨੂੰ ਨਿਜੀ ਤੌਰ 'ਤੇ ਅਤੇ ਸੁਤੰਤਰ ਤੌਰ 'ਤੇ ਆਪਣੀ ਵੋਟ-ਪਰਚੀ ਪਾਉਣ ਦਾ ਹੱਕ ਹੈ। ਜੇ ਤੁਹਾਨੂੰ ਅਸਮਰੱਥਾ (ਅਪੰਗਤਾ) ਜਾਂ ਅੰਗਰੇਜ਼ੀ ਦੀ ਸੀਮਤ ਮੁਹਾਰਤ ਕਰਕੇ ਆਪਣੀ ਵੋਟ-ਪਰਚੀ ਭਰਨ ਵਾਸਤੇ ਮਦਦ ਦੀ ਲੋੜ ਹੈ, ਤਾਂ ਸਹਾਇਤਾ ਉਪਲਬਧ ਹੈ।

## ਪਹੁੰਚਯੋਗ ਗੈਰਹਾਜ਼ਰ ਬੈਲਟ

ਜੇ ਤੁਹਾਨੂੰ ਦਿਸਦਾ ਨਹੀਂ ਹੈ ਜਾਂ ਤੁਸੀਂ ਵੋਟ-ਪਰਚੀ 'ਤੇ ਨਿਸ਼ਾਨ ਨਹੀਂ ਲਾ ਸਕਦੇ, ਤਾਂ ਤੁਸੀਂ ਅਜੇ ਵੀ ਡਾਕ ਰਾਹੀਂ ਵੋਟ ਪਾ ਸਕਦੇ ਹੋ। ਤੁਸੀਂ ਪਹੁੰਚਯੋਗ ਗੈਰਹਾਜ਼ਰ ਬੈਲਟ ਲਈ ਬੇਨਤੀ ਕਰ ਸਕਦੇ ਹੋ, ਜਿਸ ਨੂੰ ਸਕ੍ਰੀਨ ਰੀਡਰ ਰਾਹੀਂ ਜਾਂ ਕੰਪਿਉਟਰ ਦੀ ਵਰਤੋਂ ਭਰਕੇ ਪੜ੍ਹਿਆ ਜਾ ਸਕਦਾ ਹੈ। ਸੁਣਨ ਵਿੱਚ ਦਿੱਕਤ ਵਾਲੇ ਲੋਕਾਂ ਲਈ ਪਹੁੰਚਯੋਗ ਗੈਰਹਾਜ਼ਰ ਬੈਲਟ ਵਾਸਤੇ ਬੇਨਤੀ ਕਰਨ ਲਈ: **nycabsentee.com/accessibility** 'ਤੇ ਜਾਓ:
ਜਾਂ 866-VOTE-NYC (866-868-3692) ਜਾਂ
TTY 212-487-5496 'ਤੇ ਕੱਲ ਕਰੋ।

## ਭਾਸ਼ਾ ਅਤੇ ਦੁਭਾਸ਼ੀਆ ਸੇਵਾ

ਸ਼ਹਿਰ ਭਰ ਵਿੱਚ ਕਈ ਵੋਟਾਂ ਪੈਣ ਦੀ ਥਾਂ 'ਤੇ ਦੁਭਾਸੀਆ ਮਿਲਦੇ ਹਨ। ਤੁਹਾਨੂੰ ਆਪਣੇ ਨਾਲ ਕਿਸੇ ਨੂੰ ਲਿਆਉਣ ਦਾ ਹੱਕ ਹੈ, ਇਸ ਵਿੱਚ ਤੁਹਾਨੂੰ ਤੁਹਾਡੀ ਵੋਟ-ਪਰਚੀ ਬਾਰੇ ਸਮਝਣ ਵਿੱਚ ਮਦਦ ਲਈ ਪਰਿਵਾਰ ਦਾ ਮੈਂਬਰ, ਦੋਸਤ ਜਾਂ ਦੁਭਾਸੀਆ ਸ਼ਾਮਿਲ ਹੁੰਦਾ ਹੈ।

ਵੋਟਾਂ ਪੈਣ ਦੀਆਂ ਕਿਹੜੀਆਂ ਥਾਵਾਂ ਦੁਭਾਸ਼ੀਏ ਦੀ ਸੇਵਾ ਦਿੰਦੀਆਂ ਹਨ, ਬਾਰੇ ਤੁਸੀਂ **vote.nyc** 'ਤੇ ਇਸ ਬਾਰੇ ਜਾਣ ਸਕਦੇ ਹੋ। ਤੁਸੀਂ 866-VOTE-NYC (866-868-3692) 'ਤੇ ਵੀ ਕੱਲ ਕਰ ਸਕਦੇ ਹੋ।

## ਵੋਟ-ਪਰਚੀ 'ਤੇ ਨਿਸ਼ਾਨ ਲਾਉਣ ਵਾਲ਼ੀ ਡਿਵਾਈਸ

ਵੋਟਰਾਂ ਲਈ ਬਿਹਤਰ ਪਹੁੰਚਯੋਗਤਾ ਮੁਹੱਈਆ ਕਰਾਉਣ ਲਈ ਵੋਟਾਂ ਪੈਣ ਦੀਆਂ ਸਾਰੀਆਂ ਥਾਵਾਂ 'ਤੇ ਵੋਟ-ਪਰਚੀ 'ਤੇ ਨਿਸ਼ਾਨ ਲਾਉਣ ਵਾਲੇ ਡਿਵਾਈਸ (ballot marking devices, BMD) ਉਪਲਬਧ ਹਨ, ਇਹਨਾਂ ਵੋਟਰਾਂ ਵਿੱਚ ਨੇਤਰਹੀਣ, ਜਿਹਨਾਂ ਨੂੰ ਘੱਟ ਨਜ਼ਰ ਆਉਂਦਾ ਹੈ ਜਾਂ ਅਸਮਰੱਥਾ (ਅਪੰਗਤਾ) ਹਨ ਜਾਂ ਅਜਿਹੀ ਸਥਿਤੀ ਹੈ, ਜਿਸ ਕਰਕੇ ਉਹਨਾਂ ਨੂੰ ਪੈਨ ਨਾਲ ਵੋਟ-ਪਰਚੀ 'ਤੇ ਨਿਸ਼ਾਨ ਲਾਉਣ ਵਿੱਚ ਮੁਸ਼ਕਿਲ ਜਾਂ ਦਿੱਕਤ ਹੁੰਦੀ ਹੈ, ਸ਼ਾਮਿਲ ਹਨ

ਜੇ ਤੁਸੀਂ BMD ਦੀ ਵਰਤੋਂ ਕਰਨਾ ਚਾਹੁੰਦੇ ਹੋ, ਤਾਂ ਸਿਰਫ਼ ਆਪਣੇ ਪੋਲ ਵਰਕਰ ਨੂੰ ਕਹੋ। ਤੁਸੀਂ ਡਿਸਪਲੇ ਸਕ੍ਰੀਨ 'ਤੇ ਵੋਟ-ਪਰਚੀ ਵੇਖਣ ਲਈ ਇਸਦੀ ਵਰਤੋਂ ਕਰ ਸਕਦੇ ਹੋ, ਇਸਨੂੰ ਹੋਰਨਾਂ ਭਾਸ਼ਾਵਾਂ ਵਿੱਚ ਅਨੁਵਾਦ ਕਰ ਸਕਦੇ ਹੋ ਜਾਂ ਹੈਡਫੋਨ ਰਾਹੀਂ ਆਪਣੀ ਪਸੰਦ ਸੁਣ ਸਕਦੇ ਹੋ।

## ਡਿਵਾਈਸ ਤੁਹਾਡੀ ਵੋਟ-ਪਰਚੀ 'ਤੇ ਚਾਰ ਤਰ੍ਹਾਂ ਨਾਲ ਨਿਸ਼ਾਨ ਲਾਉਂਦੀ ਹੈ:


ਟੱਚ ਸਕ੍ਰੀਨ


ਕੀਪੈਡ (ਬ੍ਰੇਲ)


ਸਿਪ ਐਂਡ ਪਫ਼ ਡਿਵਾਈਸ


ਰੱਕਰ ਪੈਡਲ

- ਤੁਸੀਂ ਟੈਕਸਟ ਵੱਡੀ ਕਰਨ ਲਈ “ZOOM IN” (ਜ਼ੂਮ ਇਨ), ਟੈਕਸਟ ਨੂੰ ਵਾਪਸ ਮੂਲ ਅਕਾਰ ਵਿੱਚ ਲਿਆਉਣ ਲਈ “ZOOM OUT” (ਜ਼ੂਮ ਆਉਟ) ਜਾਂ ਵੋਟ-ਪਰਚੀ ਨੂੰ ਕਾਲੇ ਪਿਛੋਕੜ 'ਤੇ ਚਿੱਟੀ ਟੈਕਸਟ 'ਤੇ ਡਿਸਪਲੇ ਕਰਨ ਲਈ “HIGH CONTRAST” (ਹਾਈ ਕੰਟ੍ਰਾਸਟ) ਕਰ ਸਕਦੇ ਹੋ।
- ਤੁਸੀਂ ਹੈਡਫੋਨ 'ਤੇ ਆੱਡੀਓ ਨੂੰ ਫਿਰ ਤੋਂ ਸੁਣ ਸਕਦੇ ਹੋ ਅਤੇ ਇਸਦੀ ਸਪੀਡ ਅਤੇ ਮਾਤਰਾ ਨੂੰ ਸੈਟ ਕਰ ਸਕਦੇ ਹੋ।
- ਯਾਦ ਰੱਖੋ! ਜਦ ਤੱਕ ਤੁਸੀਂ ਨਿਸ਼ਾਨ ਲੱਗੀ ਵੋਟ-ਪਰਚੀ ਸਕੈਨਰ ਵਿੱਚ ਨਹੀਂ ਪਾਉਂਦੇ ਅਤੇ ਆਪਣੀ ਵੋਟ ਪਾ ਦਿੰਦੇ ਹੋ, ਤਾਂ ਤੁਹਾਡੀ ਚੋਣ ਅੰਤਮ ਨਹੀਂ ਮੰਨੀ ਜਾਂਦੀ।
- ਜੇ ਤੁਸੀਂ ਸਕੈਨਰ ਵਿੱਚ ਆਪਣੀ ਵੋਟ-ਪਰਚੀ ਅੰਦਰ ਕਰਨ ਲਈ ਮਦਦ ਚਾਹੁੰਦੇ ਹੋ, ਤਾਂ ਪੋਲ ਵਰਕਰ ਤੁਹਾਡੀ ਮਦਦ ਕਰੇਗਾ।

# ਸੈਂਪਲ ਵੋਟ-ਪਰਚੀ

ਸੈਂਪਲ ਵੋਟ-ਪਰਚੀ ਸਿਰਫ਼ ਡਿਸਪਲੇ ਲਈ ਹੈ। ਇਹ ਅਸਲ ਵੋਟ-ਪਰਚੀ ਨਹੀਂ ਹੈ ਅਤੇ ਇਸ ਨੂੰ ਭਰਨ ਨਾਲ ਹੀ ਤੁਹਾਡੀ ਵੋਟ ਨਹੀਂ ਗਿਣੀ ਜਾਏਗੀ।

| | | |
|---|---|---|
| **City Council** | ⬭ **Candidate A** Party 1 | ⬭ **Candidate B** Party 2 |
| **District Attorney** Bronx, Queens, Staten Island | ⬭ **Candidate A** Party 1 | ⬭ **Candidate B** Party 2 |
| **State Supreme Court** Manhattan, Bronx, Queens, Brooklyn | ⬭ **Candidate A** Party 1 | ⬭ **Candidate B** Party 2 |
| **Civil Court Judges** | ⬭ **Candidate A** Party 1 | ⬭ **Candidate B** Party 2 |
| **Surrogate's Court** Brooklyn | ⬭ **Candidate A** Party 1 | ⬭ **Candidate B** Party 2 |

## ਮੇਰੀਆਂ ਮੁੱਖ ਤਰਜੀਹਾਂ

ਸਿਟੀ ਕੌਂਸਲ ਲਈ ਆਪਣੀਆਂ ਚੋਣਾਂ ਦੀ ਸੂਚੀ ਅਤੇ ਤਜਵੀਜ਼ਾਂ ਵਾਲੀ ਵੋਟ-ਪਰਚੀ ਲਈ ਇਸ ਪੰਨੇ ਦੀ ਵਰਤੋਂ ਕਰੋ। ਤੁਸੀਂ ਆਪਣੀ ਵੋਟ-ਪਰਚੀ ਭਰਨ ਵੇਲੇ ਇਸ ਨੂੰ ਹਵਾਲੇ ਵਜੋਂ ਆਪਣੀ ਵੋਟਾਂ ਪੈਣ ਦੀ ਥਾਂ 'ਤੇ ਲਿਜਾ ਸਕਦੇ ਹੋ।

**ਸਿਟੀ ਕੌਂਸਲ**

**ਤਜਵੀਜ਼ਾਂ ਵਾਲ਼ੀ ਵੋਟ-ਪਰਚੀ**

ਤਜਵੀਜ਼ 1

ਤਜਵੀਜ਼ 2

**ਯਾਦ ਰੱਖੋ! ਤੁਹਾਡੀ ਪਾਰਟੀ ਅਤੇ ਜਿੱਥੇ ਤੁਸੀਂ ਰਹਿੰਦੇ ਹੋ, 'ਤੇ ਨਿਰਭਰ ਕਰਦਿਆਂ ਤੁਹਾਡੀ ਵੋਟ-ਪਰਚੀ 'ਤੇ ਹੋਰ ਦਫ਼ਤਰ ਹੋ ਸਕਦੇ ਹਨ।**

ਤੁਸੀਂ **findmypollsite.vote.nyc** 'ਤੇ ਚੋਣ ਬੋਰਡ ਤੋਂ ਆਪਣੀ ਵੋਟ-ਪਰਚੀ ਦੇ ਸੈਂਪਲ ਦਾ ਜਾਇਜ਼ਾ ਲੈ ਸਕਦੇ ਹੋ।

# ਚੁਣੇ ਗਏ ਅਧਿਕਾਰੀ ਕੀ ਕਰਦੇ ਹਨ?

ਸਾਡੇ ਚੁਣੇ ਗਏ ਅਧਿਕਾਰੀ ਹਰ ਰੋਜ਼ ਅਜਿਹੇ ਨਿਰਣੇ ਲੈਂਦੇ ਹਨ ਜੋ ਨੌਕਰੀਆਂ, ਰਿਹਾਇਸ਼, ਸਿੱਖਿਆ, ਸਿਹਤ ਸੰਭਾਲ, ਅਤੇ ਹੋਰ ਗੱਲਾਂ ਨੂੰ ਪ੍ਰਭਾਵਿਤ ਕਰਦੇ ਹਨ। ਆਪਣੀ ਵੋਟ-ਪਰਚੀ 'ਤੇ ਦਿੱਤੇ ਦਫ਼ਤਰਾਂ ਬਾਰੇ ਹੋਰ ਜਾਣੋ।

ਆਪਣੀ ਡਿਸਟ੍ਰਿਕਟ ਲਈ ਉਮੀਦਵਾਰਾਂ ਦੀ ਸਭ ਤੋਂ ਅਪਡੇਟ ਸੂਚੀ ਵੇਖਣ ਲਈ **punjabi.nycvotes.org/candidates** 'ਤੇ ਜਾਓ।

## ਸ਼ਹਿਰੀ ਦਫ਼ਤਰ

### ਸਿਟੀ ਕੌਂਸਲ

ਸਿਟੀ ਕੌਂਸਲ ਨਿਊਯਾਰਕ ਸ਼ਹਿਰ ਦੀ ਸਰਕਾਰ ਦੀ ਵਿਧਾਨਕਾਰੀ ਜਾਂ ਕਾਨੂੰਨ ਘੜਣ ਵਾਲੀ ਬ੍ਰਾਂਚ ਹੈ। ਇਸ ਵਿੱਚ 51 ਮੈਂਬਰ ਹਨ। ਕੌਂਸਲ ਮੈਂਬਰ ਆਮ ਤੌਰ 'ਤੇ 4 ਸਾਲ (ਲਗਾਤਾਰ 2 ਮਿਆਦਾਂ ਤੱਕ) ਲਈ ਸੇਵਾ ਦਿੰਦੇ ਹਨ।

2020 ਦੀ ਮਰਦਮਸ਼ੁਮਾਰੀ ਤੋਂ ਬਾਅਦ, ਅਬਾਦੀ ਵਿਚਲੀਆਂ ਤਬਦੀਲੀਆਂ ਦਾ ਤਾਲਮੇਲ ਕਰਨ ਲਈ ਸਿਟੀ ਕੌਂਸਲ ਦੀਆਂ ਡਿਸਟ੍ਰਿਕਟਾਂ ਨੂੰ ਫਿਰ ਤੋਂ ਤਿਆਰ ਕੀਤਾ ਗਿਆ ਸੀ। ਇਸ ਅਮਲ ਕਰਕੇ 2021 ਅਤੇ 2023 ਵਿੱਚ ਚੁਣੇ ਗਏ ਕੌਂਸਲ ਮੈਂਬਰ ਨਵੀਆਂ ਬਣੀਆਂ ਡਿਸਟ੍ਰਿਕਟ ਵਿੱਚ 2-ਸਾਲ ਦੀ ਮਿਆਦ ਲਈ ਸੇਵਾ ਦੇਣਗੇ। 2025 ਵਿੱਚ, 4-ਸਾਲ ਦੀ ਮਿਆਦ ਮੁੜ ਸ਼ੁਰੂ ਹੋਵੇਗੀ।

- ਬਿੱਲਾਂ ਨੂੰ ਪੇਸ਼ ਕਰਦੇ ਹਨ ਅਤੇ ਵੋਟ ਪਾਉਂਦੇ ਹਨ।
- ਸ਼ਹਿਰ ਦੇ ਬਜਟ 'ਤੇ ਗੱਲਬਾਤ ਕਰਦੇ ਹਨ ਅਤੇ ਮਨਜ਼ੂਰੀ ਦਿੰਦੇ ਹਨ।
- ਸਿਟੀ ਏਜੰਸੀਆਂ ਦੀ ਨਿਗਰਾਨੀ ਕਰਦੇ ਹਨ।
- ਸਾਡੇ ਸ਼ਹਿਰ ਦੇ ਵਾਧੇ ਅਤੇ ਵਿਕਾਸ ਬਾਰੇ ਨਿਰਣੇ ਲੈਂਦੇ ਹਨ।
- ਉਹਨਾਂ ਦੇ ਸੰਘਟਕਾਂ ਲਈ ਸਹਾਇਤਾ ਪ੍ਰਦਾਨ ਕਰਦੇ ਹਨ।

ਆਪਣੀ ਸਿਟੀ ਕੌਂਸਲ ਡਿਸਟ੍ਰਿਕਟ ਦਾ **findmypollsite.vote.nyc** 'ਤੇ ਪਤਾ ਲਾਓ।

## ਕਾਉਂਟੀ ਦਫ਼ਤਰ

### ਡਿਸਟ੍ਰਿਕਟ ਅਟਾਰਨੀ

ਡਿਸਟ੍ਰਿਕਟ ਅਟਾਰਨੀ ਆਪਣੀ ਕਾਉਂਟੀ ਦਾ ਮੁੱਖ ਸਰਕਾਰੀ ਵਕੀਲ ਹੈ। ਉਹ 4 ਸਾਲ ਲਈ ਸੇਵਾ ਦਿੰਦੇ ਹਨ। ਮਿਆਦ ਦੀ ਕੋਈ ਸੀਮਾ ਨਹੀਂ ਹੈ।

- ਫ਼ੈਸਲਾ ਕਰਦੇ ਹਨ ਕਿ ਕਿਹੜੇ ਮਾਮਲਿਆਂ ਵਿੱਚ ਮੁਕੱਦਮਾ (ਕਿਹੜੇ ਮਾਮਲਿਆਂ ਵਿੱਚ ਨਹੀਂ) ਚਲਾਉਣਾ ਹੈ।
- ਫ਼ੌਜਦਾਰੀ ਦੇ ਸਾਰੇ ਮੁਕੱਦਮਿਆਂ ਦੀ ਨਿਗਰਾਨੀ ਕਰਦੇ ਹਨ।
- ਮੁਜਰਮਾਨਾ ਵਿਹਾਰ ਦੀ ਪੜਤਾਲ ਕਰਨੀ ਅਤੇ ਮੁਕੱਦਮਾ ਚਲਾਉਣਾ।

## ਜੱਜ

### ਸਟੇਟ ਦੀ ਸੁਪਰੀਮ ਕੋਰਟ

ਸਟੇਟ ਸੁਪਰੀਮ ਅਦਾਲਤ ਦੇ ਜਸਟਿਸ ਆਪਣੀਆਂ ਕਾਉਂਟੀਆਂ ਦੇ ਅੰਦਰ ਵੱਡੇ ਸੰਗੀਨ ਜੁਰਮਾਂ ਅਤੇ ਸਿਵਿਲ ਕੇਸਾਂ ਦੀ ਸੁਪਰੀਮ ਕੋਰਟ ਨਿਊਯਾੱਰਕ ਸਟੇਟ ਵਿੱਚ ਟ੍ਰਾਇਲ ਕੋਰਟ ਹੈ, ਕੋਰਟ ਆੱਫ਼ ਅਪੀਲਸ ਸਭ ਤੋਂ ਉੱਚੀ ਅਦਾਲਤ ਹੈ। ਉਹ 14-ਸਾਲ ਦੀ ਮਿਆਦ ਤੱਕ ਸੇਵਾ ਦਿੰਦੇ ਹਨ।

- ਤਲਾਕ, ਤੋੜ-ਵਿਛੋੜਾ ਅਤੇ ਰੱਦ ਕਰਨ ਦੀ ਕਾਰਵਾਈ ਦੀ ਪ੍ਰਧਾਨਗੀ ਕਰਦੇ ਹਨ।
- ਸੰਗੀਨ ਜੁਰਮਾਂ (ਜਿਸ ਵਿੱਚ ਇੱਕ ਸਾਲ ਤੋਂ ਵੱਧ ਤੱਕ ਦੀ ਸਜ਼ਾ ਦਿੱਤੀ ਜਾ ਸਕਦੀ ਹੈ) ਦੇ ਫ਼ੌਜਦਾਰੀ ਮੁਕੱਦਮਿਆਂ ਨਾਲ ਨਜਿੱਠਦੇ ਹਨ।
- ਇਕਰਾਰਨਾਮੇ ਅਤੇ ਨਿਜੀ ਜਾਂ ਸਮਾਜਕ ਜੁਰਮ ਵਰਗੇ, ਦੀਵਾਨੀ ਮਾਮਲਿਆਂ ਦਾ ਫ਼ੈਸਲਾ ਕਰਦੇ ਹਨ।

### ਸਿਵਿਲ ਅਦਾਲਤ - ਕਾਉਂਟੀ ਅਤੇ ਡਿਸਟ੍ਰਿਕਟ

ਸਿਵਿਲ ਅਦਾਲਤ ਦੇ ਜੱਜ ਕਾਉਂਟੀਆਂ ਜਾਂ ਡਿਸਟ੍ਰਿਕਟਾਂ ਦੀ ਅਗਵਾਈ ਕਰਦੇ ਹਨ, ਇਸ ਕਰਕੇ ਤੁਹਾਡੀ ਵੋਟ-ਪਰਚੀ 'ਤੇ ਇੱਕ ਨਾਲੋਂ ਵੱਧ ਸਿਵਿਲ ਅਦਾਲਤ ਦੇ ਜੱਜ ਹੋ ਸਕਦੇ ਹਨ। ਜੱਜਾਂ ਨੂੰ 10-ਸਾਲ ਦੀ ਮਿਆਦ ਲਈ ਚੁਣਿਆ ਜਾਂਦਾ ਹੈ ਅਤੇ ਉਹਨਾਂ ਵਲੋਂ ਸੁਣੇ ਜਾਣ ਵਾਲੇ ਕੇਸਾਂ ਵਿੱਚ ਸ਼ਾਮਿਲ ਹਨ:

- $50,000 ਤੱਕ ਦੇ ਦੀਵਾਨੀ ਮਾਮਲੇ।
- ਮਕਾਨ-ਮਾਲਕ-ਕਿਰਾਏਦਾਰ ਸਬੰਧੀ ਮਾਮਲੇ ਅਤੇ ਰਿਹਾਇਸ਼ ਦੇ ਮਿਆਰਾਂ ਨਾਲ ਜੁੜੇ ਦੇਖਭਾਲ ਕਰਨ ਸਬੰਧੀ ਮਾਮਲੇ।
- ਦੁਰਵਿਹਾਰ ਸਬੰਧੀ ਮੁਜਰਮਾਨਾ ਮੁਕੱਦਮਾ।

### ਸਰੋਗੇਟ ਬਾਰੇ ਅਦਾਲਤ

ਸਰੋਗੇਟ ਦੀ ਅਦਾਲਤ ਕਾਉਂਟੀ ਦੇ ਜੱਜ ਵਸਨੀਕਾਂ ਦੀ ਮੌਤ ਤੋਂ ਬਾਅਦ, ਉਹਨਾਂ ਦੀ ਐਸਟੇਟ ਨਾਲ ਜੁੜੇ ਕੇਸਾਂ ਦਾ ਫ਼ੈਸਲਾ ਕਰਦੇ ਹਨ। ਉਹਨਾਂ ਦੀ ਸੇਵਾ ਦੀ ਮਿਆਦ 14 ਸਾਲ ਹੈ ਅਤੇ ਸੁਣਨ ਵਾਲੇ ਕੇਸਾਂ ਵਿੱਚ ਸ਼ਾਮਿਲ ਹਨ:

- ਵਸੀਅਤਾਂ ਅਤੇ ਜਾਇਦਾਦਾਂ ਦਾ ਪ੍ਰਬੰਧ ਕਰਨ ਵਰਗੇ ਮ੍ਰਿਤਕ ਦੇ ਮਾਮਲੇ।
- ਬੱਚੇ ਨੂੰ ਗੋਦ ਲੈਣਾ।
- ਸਰਪ੍ਰਸਤੀ।

# ਸਿਟੀ ਕੌਂਸਲ ਮੈਂਬਰ ਮੈਂਬਰ ਦੀ ਜ਼ਿੰਦਗੀ ਦਾ ਇੱਕ ਦਿਨ


### ਸਿਟੀ ਕੌਂਸਲ ਮੈਂਬਰ ਤੁਹਾਡੇ ਵਾਸਤੇ ਕੀ ਕਰਦੇ ਹਨ?

- ਰਿਹਾਇਸ਼, ਸਿਹਤ ਸੰਭਾਲ, ਸਿੱਖਿਆ, ਜਨਤਕ ਸੁਰੱਖਿਆ, ਅਤੇ ਹੋਰ ਬਹੁਤ ਸਾਰੇ ਮੁੱਦਿਆਂ 'ਤੇ ਬਿੱਲਾਂ ਦਾ ਖਰੜਾ ਤਿਆਰ ਕਰਦੇ ਹਨ ਅਤੇ ਵੋਟ ਪਾਉਂਦੇ ਹਨ। ਕੌਂਸਲ ਮੈਂਬਰ ਬਜ਼ੁਰਗਾਂ ਤੋਂ ਲੈ ਕੇ ਨੌਜਵਾਨ ਬਾਰੇ ਸੇਵਾਵਾਂ ਦੇ ਮੁੱਦਿਆਂ ਸਬੰਧੀ ਕਮੇਟੀਆਂ ਵਿੱਚ ਵੀ ਸ਼ਾਮਲ ਹੋ ਸਕਦੇ ਹਨ।
- ਸ਼ਹਿਰ ਦਾ ~$107 ਅਰਬ ਦਾ ਬਜਟ ਤਿਆਰ ਕਰਨ ਅਤੇ ਮੰਜ਼ੂਰੀ ਦੇਣ ਲਈ ਮੇਅਰ ਨਾਲ ਕੰਮ ਕਰਨਾ। ਹਰੇਕ ਕੌਂਸਲ ਮੈਂਬਰ ਆਪਣੇ ਡਿਸਟ੍ਰਿਕਟ ਵਿੱਚ ਸਕੂਲ ਬਣਾਉਣ ਅਤੇ ਸੁਧਾਰ ਕਰਨ ਲਈ $5 ਮਿਲੀਅਨ ਦੇ ਬਜਟ ਦਾ ਪ੍ਰਬੰਧਨ ਕਰਦੇ ਹਨ, ਅਤੇ ਗੈਰ-ਲਾਭਕਾਰੀ ਸੰਸਥਾਵਾਂ ਦੀ ਸਹਾਇਤਾ ਵਾਸਤੇ ~$500,000 ਦੇ ਵਾਧੂ ਬਜਟ ਦਾ ਪ੍ਰਬੰਧਨ ਵੀ ਕਰਦੇ ਹਨ।
- ਨਿਊਯਾਰਕ ਸ਼ਹਿਰ ਪੁਲਿਸ ਵਿਭਾਗ ਅਤੇ ਨਿਊਯਾਰਕ ਸ਼ਹਿਰ ਸਿੱਖਿਆ ਵਿਭਾਗ ਸਮੇਤ ਨਿਊਯਾਰਕ ਵਾਸੀਆਂ ਦੀ ਸੇਵਾ ਕਰਨ ਵਾਲੀਆਂ ਸਿਟੀ ਏਜੰਸੀਆਂ ਦੀ ਨਿਗਰਾਨੀ ਕਰਦੇ ਹਨ।
- ਪੂਰੇ ਸ਼ਹਿਰ ਵਿੱਚ ਇਮਾਰਤ ਅਤੇ ਜ਼ਮੀਨ ਦੀ ਵਰਤੋਂ ਦਾ ਪਤਾ ਲਗਾਉਂਦੇ ਹਨ, ਜਿਸ ਵਿੱਚ ਸੰਪਤੀ ਦੇ ਮਾਲਕਾਂ ਲਈ ਜ਼ੋਨਿੰਗ ਦੀ ਨਿਗਰਾਨੀ ਕਰਨਾ, ਲੈਂਡਮਾਰਕਾਂ ਨੂੰ ਸੁਰੱਖਿਅਤ ਕਰਨਾ, ਅਤੇ ਸ਼ਹਿਰ ਦੀ ਜ਼ਮੀਨ ਅਤੇ ਜਨਤਕ ਸਹੂਲਤਾਂ ਦਾ ਪ੍ਰਬੰਧਨ ਕਰਨਾ ਸ਼ਾਮਲ ਹੈ।
- ਤੁਹਾਡੇ ਜਿਹੇ ਸੰਘਟਕਾਂ ਦੀ ਸਹਾਇਤਾ ਕਰਦੇ ਹਨ। ਕੌਂਸਲ ਮੈਂਬਰ ਅਤੇ ਉਨ੍ਹਾਂ ਦੇ ਦਫ਼ਤਰ ਟੈਕਸ ਦੀ ਤਿਆਰੀ, ਕਿਫਾਇਤੀ ਰਿਹਾਇਸ਼, ਰੁੱਖ ਲਗਾਉਣ, ਗੰਦੇ ਫੁੱਟਪਾਥ, ਟੋਆਂ, ਪੈਦਲ ਯਾਤਰੀਆਂ ਦੀ ਸੁਰੱਖਿਆ ਅਤੇ ਹੋਰ ਬਹੁਤ ਸਾਰੇ ਮੁੱਦਿਆਂ ਵਿੱਚ ਤੁਹਾਡੀ ਮਦਦ ਕਰ ਸਕਦੇ ਹਨ। ਜੇ ਤੁਹਾਨੂੰ ਮਦਦ ਚਾਹੀਦੀ ਹੈ, ਤਾਂ ਆਪਣੇ ਕੌਂਸਲ ਮੈਂਬਰ ਨਾਲ ਸੰਪਰਕ ਕਰੋ!

## ਨਿਊਯਾਰਕ ਸਿਟੀ ਕੌਂਸਲ ਦਾ ਨਕਸ਼ਾ

- NYC ਵਿੱਚ 51 ਸਿਟੀ ਕੌਂਸਲ ਡਿਸਟ੍ਰਿਕਟ ਹਨ
- ਹਰ ਡਿਸਟ੍ਰਿਕਟ ਵਿੱਚ ~172,000 ਵੋਟਰ ਰਹਿੰਦੇ ਹਨ
- ਸਿਟੀ ਕੌਂਸਲ NYC ਦੇ ~$107 ਅਰਬ ਦੇ ਬਜਟ ਨੂੰ ਮੰਜ਼ੂਰੀ ਦਿੰਦੀ ਹੈ।

**ਆਪਣੀ ਸਿਟੀ ਕੌਂਸਲ ਡਿਸਟ੍ਰਿਕਟ ਦਾ** **findmypollsite.vote.nyc** 'ਤੇ ਪਤਾ ਲਾਓ।



# ਆਪਣੀ ਵੋਟ-ਪਰਚੀ ਦਾ ਪਲਾਨ ਬਣਾਓ

**ਕੀ ਤੁਸੀਂ ਆਪਣੇ ਉਮੀਦਵਾਰਾਂ ਦੀ ਚੋਣ ਕਰਨੀ ਬੰਦ ਕਰ ਦਿੱਤੀ ਹੈ?**
**ਆਪਣੀ ਵੋਟਾਂ ਪੈਣ ਦੀ ਥਾਂ 'ਤੇ ਆਪਣੇ ਨਾਲ ਆਪਣੀਆਂ ਤਸਵੀਰਾਂ ਲਿਜਾਣ ਲਈ ਸੇਵ ਕਰੋ!**

**ਇੱਥੇ ਸਕੈਨ ਕਰੋ ਜਾਂ**
**punjabi.nycvotes.org/**
**plan-your-ballot 'ਤੇ ਜਾਓ**

# ਸਿਟੀ ਕੌਂਸਲ ਡਿਸਟ੍ਰਿਕਟ 1

**ਲੋਕਰਾਜੀ**

- ਕ੍ਰਿਸਟੋਫਰ ਮਾਰਟੇ (Christopher Marte) ✓

**ਰਿਪਬਲਿਕਨ, ਕੰਜ਼ਰਵੇਟਿਵ, ਆਰਟਸ ਐਂਡ ਕਲਚਰ, ਕਾੱਮਨ ਸੈਂਸ**

- ਹੈਲੇਨ J ਕਿਉ (Helen J Qiu) ✓

✓ ਜੇ ਇੱਕ ਉਮੀਦਵਾਰ NYC ਦੇ ਮੈਚਿੰਗ ਫੰਡ ਪ੍ਰੋਗਰਾਮ ਵਿੱਚ ਹਿੱਸਾ ਲੈ ਰਿਹਾ ਹੈ, ਤਾਂ ਇਹ ਬੈਜ ਨਜ਼ਰ ਆਏਗਾ, ਜਿਸ ਨਾਲ ਉਮੀਦਵਾਰ ਨਿਊਯਾਰਕ ਦੇ ਵਸਨੀਕਾਂ 'ਤੇ ਭਰੋਸਾ ਕਰਦੇ ਹਨ – ਉਹਨਾਂ ਦੇ ਚੋਣ-ਪ੍ਰਚਾਰ ਲਈ ਫ਼ੰਡਾਂ ਲਈ – ਖ਼ਾਸ ਹਿੱਤਾਂ ਲਈ ਨਹੀਂ। ਪੰਨਾ 45 'ਤੇ ਹੋਰ ਜਾਣੋ।

ਇਸ ਗਾਈਡ ਵਿੱਚ ਉਹ ਸਾਰੇ ਉਮੀਦਵਾਰ ਸ਼ਾਮਿਲ ਹਨ, ਜਿਹਨਾਂ ਦੀ ਇਸਦੀ ਛਪਾਈ ਸਮੇਂ ਵੋਟ-ਪਰਚੀ 'ਤੇ ਹੋਣ ਦੀ ਸੰਭਾਵਨਾ ਸੀ। ਉਮੀਦਵਾਰਾਂ ਦੀ ਸਭ ਤੋਂ ਅਪਡੇਟ ਸੂਚੀ ਵੇਖਣ, ਉਮੀਦਵਾਰ ਦੀਆਂ ਵੀਡੀਓ ਲੱਭਣ ਅਤੇ ਮਸਲੇ ਦੀਆਂ ਸਥਿਤੀਆਂ ਦੀ ਤੁਲਨਾ ਕਰਨ ਲਈ **punjabi.nycvotes.org/candidates** 'ਤੇ ਜਾਓ।



## ਕ੍ਰਿਸਟੋਫਰ ਮਾਰਟੇ (Christopher Marte) ✓

ਲੋਕਰਾਜੀ

**ਮੁੱਖ 3 ਮਸਲੇ:**

1. ਲੋਕਾਂ ਦਾ ਉਜਾੜਾ ਬੰਦ ਕਰੋ
2. ਉਜਰਤ ਦੀ ਚੋਰੀ ਖ਼ਤਮ ਕਰੋ
3. ਆਪਣੇ ਵਾੱਟਰਫ੍ਰੰਟ ਬਚਾਓ

*"ਮੈਨੂੰ ਡੈਮੋਕ੍ਰੈਟਿਕ ਪ੍ਰਾਇਮਰੀ ਦੌਰਾਨ ਵੱਡੀ ਜਿੱਤ ਵਿੱਚ ਲੋਅਰ ਮੈਨਹਟਨ ਨੂੰ ਇਕਜੁੱਟ ਕਰਨ 'ਤੇ ਮਾਣ ਹੈ। ਅਸੀਂ ਜਦੋਂ ਤੋਂ ਕੰਮਕਾਜ ਸੰਭਾਲਿਆ ਹੈ, ਉਸ ਸਮੇਂ ਤੋਂ ਅਸੀਂ ਇਸ ਵੰਨ-ਸੁਵੰਨੀ ਡਿਸਟ੍ਰਿਕਟ ਵਿਚਲੇ ਹਰ ਵਿਲੱਖਣ ਗੁਆਂਢਚਾਰੇ ਦੀ ਸੇਵਾ ਕਰਨ ਲਈ ਮਿਹਨਤ ਕਰ ਰਹੇ ਹਾਂ ਅਤੇ ਉਸ ਕੰਮ ਦਾ ਲਾਭ ਮਿਲ ਰਿਹਾ ਹੈ। ਅਸੀਂ ਆਪਣੀਆਂ ਸੜਕਾਂ 'ਤੇ ਨਵੇਂ ਦਰਖ਼ਤ ਲਾਏ ਹਨ, ਸਾਡੇ ਸਕੂਲਾਂ ਵਿੱਚ ਨਵੀਂ ਤਕਨਾਲੌਜੀ ਆ ਰਹੀ ਹੈ ਅਤੇ ਹਜ਼ਾਰਾਂ ਲੋਕਾਂ ਅਤੇ ਛੋਟੇ ਕਾਰੋਬਾਰਾਂ ਨੂੰ ਉਹਨਾਂ ਦੇ ਭਾਈਚਾਰਿਆਂ ਵਿੱਚ ਰਹਿਣ ਵਿੱਚ ਮਦਦ ਕੀਤੀ ਹੈ।"*

**ਮੌਜੂਦਾ ਕੰਮ-ਧੰਦਾ:** ਨਗਰ ਕੌਂਸਲ ਮੈਂਬਰ

**ਪਿਛਲਾ ਕੰਮ-ਧੰਦਾ:** ਨਿਊਯਾੱਰਕ ਡਾਇਰੈਕਟਰ; ਐਰੀਨਾ। ਪੇਨਸ਼ਨ ਫ਼ੰਡ ਮੈਨੇਜਰ; IBM

**ਸਿੱਖਿਆ:** ਗਲੋਬਲ ਕਾੱਲਿਜ, LIU ਬਰੂਕਲਿਨ

**ਸੰਸਥਾਗਤ ਸਬੰਧ:** ਡਾਉਨਟਾਉਨ ਅਜ਼ਾਦ ਡੈਮੋਕ੍ਰੈਟਸ

**ਪਹਿਲਾਂ ਦਾ ਸਰਕਾਰੀ ਅਨੁਭਵ:** ਡੈਮੋਕ੍ਰੈਟਿਕ ਸਟੇਟ ਕਮੇਟੀ ਮੈਂਬਰ (2018-22)

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਲੋਕਰਾਜੀ



## ਹੈਲੇਨ J ਕਿਉ (Helen J Qiu)

ਰਿਪਬਲਿਕਨ, ਕੰਜ਼ਰਵੇਟਿਵ, ਆਰਟਸ ਐਂਡ ਕਲਚਰ, ਕੱਾਮਨ ਸੈਂਸ

**ਮੁੱਖ 3 ਮਸਲੇ:**

1. ਫ਼ੰਡਿੰਗ NYPD/DA ਨਿਗਰਾਨੀ
2. ਬੇਘਰ ਅਤੇ ਮਾਨਸਿਕ-ਸਿਹਤ ਦੇ ਹੱਲ
3. ਰਿਹਾਇਸ਼ ਸੂਚੀ ਵਧਾਓ, ਜੁਰਮਾਨੇ ਖ਼ਤਮ ਕਰਨੇ

*"ਮੈਨੂੰ ਆਪਣੀ ਡਿਸਟ੍ਰਿਕਟ ਅਤੇ ਨਿਊਯਾੱਰਕ ਨਾਲ ਪਿਆਰ ਹੈ। ਮੇਰੀ ਡਿਸਟ੍ਰਿਕਟ ਉਹ ਥਾਂ ਹੈ, ਜਿੱਥੇ ਨਿਊਯਾੱਰਕ ਉਸਰਿਆ ਸੀ। ਮੈਂ ਲੋਅਰ ਮੈਨਹਟਨ ਅਤੇ ਸਮੁੱਚੇ NYC ਦੀ ਸੁਰੱਖਿਆ ਅਤੇ ਮੌਕੇ ਦੀ ਰਾਖੀ ਕਰਨ ਨੂੰ ਆਪਣਾ ਮਿਸ਼ਨ ਮੰਨਦੀ ਹਾਂ। ਆਪਣੇ ਪੁੱਤਰ ਅਤੇ ਸਾਰੇ ਪਰਿਵਾਰਾਂ ਲਈ ਪਬਲਿਕ ਸਕੂਲ ਦੀ ਕਾਮਯਾਬ ਹਿਮਾਇਤੀ ਵਜੋਂ ਆਪਣੇ ਇਸ ਸਫ਼ਰ ਵਿੱਚ ਮੈਂ CEC 2021 ਵਿਚਲੀਆਂ ਚੋਣਾਂ ਵਿੱਚ ਜਿੱਤ ਹਾਸਿਲ ਕੀਤੀ ਸੀ। ਚੀਨ ਤੋਂ ਇੱਕ ਪ੍ਰਵਾਸੀ ਤੋਂ ਲੈਕੇ ਕੋਲੰਬੀਆ ਵਿੱਚ PhD ਕਰਨ, ਫ਼ੌਰਚੂਨ ਸੈਮੀਕੰਡਕਟਰ ਕੰਪਨੀ ਵਿੱਚ ਐਗਜ਼ੀਕਿਊਟਿਵ ਦੀ ਭੂਮਿਕਾ ਨਿਭਾਉਣ ਅਤੇ ਪਾਦਰੀ ਬਣਨ ਤੱਕ ਦੇ ਮੇਰੇ ਵਿਲੱਖਣ ਪਿਛੋਕੜ ਦੇ ਬਹੁਤ ਸਾਰੇ ਅਨੁਭਵਾਂ ਨੇ ਮੈਨੂੰ ਤਾਕਤਵਰ ਬਣਾਇਆ ਹੈ, ਜਿਸਦੀ ਵਰਤੋਂ ਮੈਂ NYC ਸਿਟੀ ਕੌਂਸਲ ਵਿੱਚ ਅਸਲ ਤਬਦੀਲੀ ਲਿਆਉਣ ਲਈ ਕਰਾਂਗੀ।"*

**ਮੌਜੂਦਾ ਕੰਮ-ਧੰਦਾ:** ਸਹਾਇਕ ਪ੍ਰੋਫ਼ੈਸਰ

**ਪਿਛਲਾ ਕੰਮ-ਧੰਦਾ:** ਇੰਜੀਨੀਅਰਿੰਗ ਪ੍ਰੋਜੈਕਟ ਮੈਨੇਜਰ, ਪਾਸਟਰ।

**ਸਿੱਖਿਆ:** ਜ਼ੈਂਗਸ਼ਾਨ U, ਹਾਰਵਰਡ ਅਤੇ ਕੋਲੰਬੀਆ

**ਸੰਸਥਾਗਤ ਸਬੰਧ:** ਯਹੂਦੀ ਚੀਨੀ ਗਠਜੋੜ, ਕੱਾਮਨ ਸੈਂਸ NY, ਬੈਟਰ NYCHA

**ਪਹਿਲਾਂ ਦਾ ਸਰਕਾਰੀ ਅਨੁਭਵ:** ਭਾਈਚਾਰਕ ਵਿਦਿਅਕ ਕੌਂਸਲ

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਰਿਪਬਲਿਕਨ

# ਉਮੀਦਵਾਰ ਦੀ ਤੁਲਨਾ ਕਰਨੀ

**ਜਿੱਥੇ ਉਮੀਦਵਾਰ ਸਮਾਜ ਵਿਚਲੀਆਂ ਸਮੱਸਿਆਵਾਂ ਬਾਰੇ ਤੁਹਾਡੀ ਰਾਇ ਜਾਣਨਾ ਚਾਹੁੰਦੇ ਹਨ, ਜੋ ਤੁਹਾਡੇ ਲਈ ਬਹੁਤ ਅਹਿਮ ਹਨ ਅਤੇ ਫਿਰ ਨਾਲੋਂ-ਨਾਲ ਉਹਨਾਂ ਦੀ ਰਾਇ ਦੀ ਤੁਲਨਾ ਕਰਨ ਵਾਸਤੇ ਸਾਡੀ ਆੱਨਲਾਈਨ ਵੋਟਰ ਗਾਈਡ 'ਤੇ ਜਾਓ।**

**ਇੱਥੇ ਸਕੈਨ ਕਰੋ ਜਾਂ punjabi.nycvotes.org/compare 'ਤੇ ਜਾਓ**

# ਉਮੀਦਵਾਰਾਂ ਦੀ ਤੁਲਨਾ ਕਰਨੀ

ਇਸ ਸਾਲ, ਅਸੀਂ ਉਮੀਦਵਾਰਾਂ ਨੂੰ ਉਹਨਾਂ ਅੱਠ ਮੁੱਦਿਆਂ ਬਾਰੇ ਆਪਣੀ ਸਥਿਤੀ ਸਾਂਝੀ ਕਰਨ ਲਈ ਕਿਹਾ ਸੀ, ਜਿਹਨਾਂ ਬਾਰੇ ਨਿਊਯਾਰਕ ਦੇ ਵਸਨੀਕਾਂ ਨੇ ਕੁਈਨੀਪਿਆਕ ਯੂਨੀਵਰਸਿਟੀ ਦੀਆਂ ਹਾਲੀਆ ਚੋਣ ਵਿੱਚ ਉਹਨਾਂ ਨੂੰ ਸਭ ਤੋਂ ਜ਼ਰੂਰੀ ਦੱਸਿਆ ਸੀ: ਜੁਰਮ, ਮਹਿੰਗਾਈ, ਲੋਕਰਾਜ ਦੀ ਰਾਖੀ ਕਰਨੀ, ਗਰਭਪਾਤ, ਕਿਫ਼ਾਇਤੀ ਰਿਹਾਇਸ਼, ਬੇਘਰਾਪਣ, ਨਸਲੀ ਨਾਬਰਾਬਰੀ ਅਤੇ ਜਲਵਾਯੂ-ਤਬਦੀਲੀ। ਇਹਨਾਂ ਮਸਲਿਆਂ ਬਾਰੇ ਉਮੀਦਵਾਰਾਂ ਦੇ ਜਵਾਬਾਂ ਦੀ ਤੁਲਨਾ ਕਰਨ ਲਈ, **punjabi.nycvotes.org/compare** 'ਤੇ ਜਾਓ।

ਆਪਣੀ ਸਿਟੀ ਕੌਂਸਲ ਡਿਸਟ੍ਰਿਕਟ ਦਾ **findmypollsite.vote.nyc** 'ਤੇ ਪਤਾ ਲਾਓ।

| | **ਕ੍ਰਿਸਟੋਫਰ ਮਾਰਟੇ (Christopher Marte)** ✓<br>ਲੋਕਰਾਜੀ | **ਹੈਲੇਨ J ਕਿਉ (Helen J Qiu)** ✓<br>ਰਿਪਬਲਿਕਨ, ਕੰਜ਼ਰਵੇਟਿਵ, ਆਰਟਸ ਐਂਡ ਕਲਚਰ, ਕੱਮਨ ਸੈਂਸ |
|---|---|---|
| **ਅਪਰਾਧ** | ਜੁਰਮ ਨੂੰ ਘਟਾਉਣ ਦਾ ਮਤਲਬ ਇਸਦੇ ਵਾਪਰਣ ਤੋਂ ਪਹਿਲਾਂ ਇਸ ਨੂੰ ਰੋਕਣਾ ਹੈ, ਨਾ ਕਿ ਸਿਰਫ਼ ਇਸ ਤੋਂ ਬਾਅਦ ਪ੍ਰਤੀਕਰਮ ਦੇਣਾ। ਅਸੀਂ ਤਮਾਖੂਨੋਸ਼ੀ ਦੀਆਂ ਗ਼ੈਰਕਾਨੂੰਨੀ ਦੁਕਾਨਾਂ ਵਰਗੇ ਮੁੱਦਿਆਂ 'ਤੇ ਨੱਥ ਪਾਉਣ ਲਈ ਮੈਨਹਟਨ DA ਦੇ ਨਾਲ ਭਾਈਵਾਲੀ ਕੀਤੀ ਹੈ ਅਤੇ ਲੋਕਾਂ ਨੂੰ ਅਜਿਹੇ ਵਿਕਲਪ ਚੁਣਨ ਤੋਂ ਰੋਕਣ ਲਈ ਮਜ਼ਬੂਤ ਸਮਾਜਕ ਸੇਵਾ ਨੈਟਵਰਕ ਨੂੰ ਵੀ ਫ਼ੰਡ ਦਿੱਤੇ ਹਨ, ਜੋ ਉਹਨਾਂ ਦੀ ਜ਼ਿੰਦਗੀ ਬਰਬਾਦ ਕਰ ਸਕਦੇ ਹਨ। | ਸੜਕਾਂ 'ਤੇ ਲੋਕਾਂ ਨੂੰ ਨੁਕਸਾਨ ਪਹੁੰਚਾਉਣ ਵਾਲੇ ਜੁਰਮਾਂ ਅਤੇ ਸਬਵੇਅ ਦੀ ਸੁਰੱਖਿਆ ਬਾਰੇ ਕਾਨੂੰਨ ਲਾਗੂ ਕਰਨ ਲਈ DA ਬ੍ਰੈਗ 'ਤੇ ਦਬਾਅ ਬਣਾਉਣਾ ਹੀ ਮੇਰਾ ਟੀਚਾ ਹੈ। ਇਸਦੇ ਨਾਲ ਹੀ, ਸਾਵਾਂਪਣ ਬਹਾਲ ਕਰਨ ਦੇ ਉਦੇਸ਼ ਨਾਲ ਮੁਜਰਿਮਾਂ ਨੂੰ ਤਾਕਤ ਦੇਣ ਵਾਲੇ ਜ਼ਮਾਨਤ ਸੁਧਾਰ ਅਤੇ ਮੁਰਮਾਨਾ ਨਿਆ ਨਾਲ ਜੁੜੀਆਂ ਹੋਰ ਕਾਰਵਾਈਆਂ ਨੂੰ ਪਰਤਾਉਣ ਦੀ ਕੋਸ਼ਿਸ਼ ਕਰਾਂਗੀ। |
| **ਮਹਿੰਗਾਈ** | ਰਹਿਣ-ਸਹਿਣ ਦੀ ਲਾਗਤ ਵਧਣ ਨਾਲ ਲੋਕ ਇੱਕ ਥਾਂ ਤੋਂ ਦੂਜੀ ਥਾਂ 'ਤੇ ਜਾਂਦੇ ਹਨ। ਸਾਨੂੰ ਚਾਈਨਾਟਾਊਨ ਵਿੱਚ ਇੱਕ ਨਵਾਂ ਮਾੱਲ ਖੋਲ੍ਹਣ ਦੀ ਸਹੂਲਤ ਦੇਕੇ ਖ਼ੁਸ਼ੀ ਹੋਈ ਹੈ, ਜਿਸ ਵਿੱਚ ਯੂਨੀਅਨ ਨੌਕਰੀਆਂ ਨਾਲ ਇੱਕ ਵੱਡਾ ਹਿੱਸਾ ਡਿਮ ਸਮ ਮਾੱਲ ਸ਼ਾਮਿਲ ਹੋਏਗਾ। ਲੋਅਰ ਮੈਨਹਟਨ ਵਿੱਚ ਹਰ ਥਾਂ 'ਤੇ ਇਸ ਤਰ੍ਹਾਂ ਦੀ ਆਰਥਕ ਮੁੜ-ਸੁਰਜੀਤੀ ਦੀ ਲੋੜ ਹੈ। | ਮੈਂ ਆਪਣੇ ਕਮਜ਼ੋਰ ਭਾਈਚਾਰੇ 'ਤੇ ਪੈਣ ਵਾਲੇ ਮਹਿੰਗਾਈ ਦੇ ਅਸਰ ਨਾਲ ਨਜਿੱਠਣ ਨੂੰ ਤਰਜੀਹ ਦਿਆਂਗੀ। ਮੈਂ ਰਿਟਾਇਰ ਲੋਕਾਂ, ਵੈਟਰਨਾਂ, ਅਸਮਰੱਥ (ਅਪਾਹਜ) ਅਤੇ ਲੋੜਵੰਦ ਪਰਿਵਾਰਾਂ ਨੂੰ ਦਿੱਤੇ ਜਾਣ ਵਾਲੇ ਲਾਭਾਂ ਦਾ ਪਸਾਰ ਕਰਾਂਗੀ। ਸ਼ਹਿਰ ਨੂੰ ਸਾਰਿਆਂ ਲਈ ਰਹਿਣ ਵਾਸਤੇ ਯਕੀਨੀ ਬਣਾਉਣ ਲਈ, ਮੈਂ ਨਿਊਯਾੱਰਕਰਾਂ ਅਤੇ ਛੋਟੇ ਕਾਰੋਬਾਰਾਂ 'ਤੇ ਪੈਣ ਵਾਲੇ ਟੈਕਸਾਂ ਦੇ ਬਹੁਤ ਜ਼ਿਆਦਾ ਭਾਰ ਦੀ ਪੜਤਾਲ ਕਰਾਂਗੀ। |
| **ਲੋਕਰਾਜ ਦੀ ਰਾਖੀ ਕਰਨਾ** | ਅਫ਼ਸੋਸ ਵਾਲੀ ਗੱਲ ਇਹ ਹੈ ਕਿ ਸਾਡੀ ਡਿਸਟ੍ਰਿਕਟ ਦੇ ਵੋਟਰ ਨਾਲ ਧੋਖਾਧੜੀ ਅਤੇ ਦਬਾਅ ਤੋਂ ਬਚਿਆ ਹੋਇਆ ਨਹੀਂ ਹੈ। ਪ੍ਰਾਇਮਰੀ ਡੇਅ 'ਤੇ ਅਸੀਂ ਇਸਨੂੰ ਆਪਣੀ ਅੱਖੀਂ ਵੇਖਿਆ ਹੈ। ਅਸੀਂ ਵੋਟ ਪੈਣ ਵਾਲੀ ਥਾਂ 'ਤੇ ਭ੍ਰਸ਼ਟਾਚਾਰ ਰੋਕਣ ਲਈ ਹੋਰ ਜਵਾਬਦੇਹ ਸਥਾਨਕ ਸਿਆਸਤਦਾਨਾਂ ਨੂੰ ਚੁਣਨ ਲਈ ਇੱਕ ਜ਼ੋਰਦਾਰ ਕੋਸ਼ਿਸ਼ ਸ਼ੁਰੂ ਕਰਨੀ ਚਾਹੀਦੀ ਹੈ। | ਮੈਂ ਨੌਜੁਆਨਾਂ ਨੂੰ ਧਿਆਨ ਵਿੱਚ ਰੱਖਕੇ ਬਣਾਈ ਗਈ ਨਾਗਰਿਕ ਪਹਿਲ ਦੀ ਜ਼ੋਰਦਾਰ ਤਜਵੀਜ਼ ਦਿੱਤੀ ਹੈ, ਜੋ ਲੋਕਰਾਜੀ ਸਿਧਾਂਤਾਂ ਨੂੰ ਸਥਾਪਤ ਕਰੇਗੀ, ਗਿਆਨਵਾਨ, ਸੋਚਣ-ਸਮਝਣ ਵਾਲੇ ਨਾਗਰਿਕਾਂ ਨੂੰ ਉਤਸਾਹ ਦਏਗੀ। ਮੈਂ ਅਲੋਚਨਾਤਮਕ ਸੋਚ ਨੂੰ ਅੱਗੇ ਵਧਾਉਣਾ ਚਾਹੁੰਦੀ ਹਾਂ, ਬਹਿਸਾਂ ਫਿਰ ਤੋਂ ਸ਼ੁਰੂ ਕਰਨਾ ਚਾਹੁੰਦੀ ਹਾਂ, ਵੰਨ-ਸੁਵੰਨੇ ਵਿਚਾਰਾਂ ਲਈ ਖੁੱਲ੍ਹ-ਦਿਲਾ ਬਣਨ ਅਤੇ ਨਿਜੀ ਜ਼ਿੰਮੇਵਾਰੀ ਅਤੇ ਭਵਿੱਖ ਵਿਚਲੇ ਲੋਕਰਾਜ ਦੀ ਗਰੰਟੀ ਦੇਣਾ ਚਾਹੁੰਦੀ ਹਾਂ। |

# ਸਿਟੀ ਕੌਂਸਲ ਡਿਸਟ੍ਰਿਕਟ 2

**ਡੈਮੋਕ੍ਰੈਟਿਕ, ਵਰਕਿੰਗ ਫ਼ੈਮਿਲੀਜ਼**

- ਕੈਰਲਿਨਾ ਰਿਵੇਰਾ (Carlina Rivera) ✓

✓ ਜੇ ਇੱਕ ਉਮੀਦਵਾਰ NYC ਦੇ ਮੈਚਿੰਗ ਫੰਡ ਪ੍ਰੋਗਰਾਮ ਵਿੱਚ ਹਿੱਸਾ ਲੈ ਰਿਹਾ ਹੈ, ਤਾਂ ਇਹ ਬੈਜ ਨਜ਼ਰ ਆਏਗਾ, ਜਿਸ ਨਾਲ ਉਮੀਦਵਾਰ ਨਿਊਯਾਰਕ ਦੇ ਵਸਨੀਕਾਂ 'ਤੇ ਭਰੋਸਾ ਕਰਦੇ ਹਨ – ਉਹਨਾਂ ਦੇ ਚੋਣ-ਪ੍ਰਚਾਰ ਲਈ ਫ਼ੰਡਾਂ ਲਈ – ਖ਼ਾਸ ਹਿੱਤਾਂ ਲਈ ਨਹੀਂ। ਪੰਨਾ 45 'ਤੇ ਹੋਰ ਜਾਣੋ।

ਇਸ ਗਾਈਡ ਵਿੱਚ ਉਹ ਸਾਰੇ ਉਮੀਦਵਾਰ ਸ਼ਾਮਿਲ ਹਨ, ਜਿਹਨਾਂ ਦੀ ਇਸਦੀ ਛਪਾਈ ਸਮੇਂ ਵੋਟ-ਪਰਚੀ 'ਤੇ ਹੋਣ ਦੀ ਸੰਭਾਵਨਾ ਸੀ। ਉਮੀਦਵਾਰਾਂ ਦੀ ਸਭ ਤੋਂ ਅਪਡੇਟ ਸੂਚੀ ਵੇਖਣ, ਉਮੀਦਵਾਰ ਦੀਆਂ ਵੀਡੀਓ ਲੱਭਣ ਅਤੇ ਮਸਲੇ ਦੀਆਂ ਸਥਿਤੀਆਂ ਦੀ ਤੁਲਨਾ ਕਰਨ ਲਈ **punjabi.nycvotes.org/candidates** 'ਤੇ ਜਾਓ।

---



## ਕੈਰਲਿਨਾ ਰਿਵੇਰਾ (Carlina Rivera) ✓

ਡੈਮੋਕ੍ਰੈਟਿਕ, ਵਰਕਿੰਗ ਫ਼ੈਮਿਲੀਜ਼

**ਮੁੱਖ 3 ਮਸਲੇ:**

1. ਬੁਨਿਆਦੀ ਜ਼ਰੂਰਤਾਂ ਲਈ ਕਿਫ਼ਾਇਤਸ਼ਾਰੀ ਦਾ ਪਸਾਰ ਕਰਨਾ
2. ਸਮੁੱਚੇ ਆਰਥਕ ਵਾਧੇ ਵਿੱਚ ਪੂੰਜੀ ਲਾਉਣੀ
3. ਇੱਕ ਸਾਫ਼-ਸੁਥਰਾ ਅਤੇ ਹਰਿਆਵਲ ਸ਼ਹਿਰ

*"ਸੈਕਸ਼ਨ 8 ਰਿਹਾਇਸ਼ ਵਿੱਚ ਜ਼ਿੰਦਗੀ ਭਰ ਲਈ ਨਿਊਯਾਰਕ ਦੇ ਇੱਕ ਵਸਨੀਕ ਵਜੋਂ, ਮੈਂ ਆਪਣੇ ਗੁਆਂਢੀਆਂ ਦੀ ਜੱਦੋ-ਜਹਿਦ ਨੂੰ ਸਮਝਦੀ ਹਾਂ। ਕਿਫ਼ਾਇਤੀ ਰਿਹਾਇਸ਼ ਤੋਂ ਬੱਚੇ ਦੀ ਪੈਦਾਇਸ਼ ਸਬੰਧੀ ਹੱਕਾਂ ਤੋਂ ਲੈਕੇ ਜਲਵਾਯੂ-ਸੰਕਟ ਤੱਕ ਮੇਰਾ ਸਿੱਟਿਆਂ ਦਾ ਰਿਕਾੱਰਡ ਹੈ। ਮੈਂ ਸਿਹਤ ਸੰਭਾਲ, ਜਨਤਕ ਸੁਰੱਖਿਆ ਅਤੇ ਢੁਕਵੇਂ ਆਰਥਕ ਵਾਧੇ ਨੂੰ ਬਣਾਈ ਰੱਖਣ ਲਈ ਫਿਰ ਤੋਂ ਚੋਣ ਲੜ ਰਹੀ ਹਾਂ। ਮੈਂ ਉਹਨਾਂ ਸੇਵਾਵਾਂ ਦਾ ਪਸਾਰ ਕਰਦੀ ਰਹਾਂਗੀ, ਜਿਹਨਾਂ ਦੀ ਉਮੀਦ ਤੁਸੀਂ ਇਸ ਸ਼ਹਿਰ ਤੋਂ ਕਰਦੇ ਹੋ, ਜਿਵੇਂ ਸੁਰੱਖਿਅਤ, ਸਾਫ਼-ਸੁਥਰੀਆਂ ਸੜਕਾਂ, ਉਪਲਬਧ ਪਾਰਕਾਂ ਅਤੇ ਮਾਣਮੱਤੀ ਰਿਹਾਇਸ਼।"*

**ਮੌਜੂਦਾ ਕੰਮ-ਧੰਦਾ:** ਕੌਂਸਲ ਮੈਂਬਰ

**ਪਿਛਲਾ ਕੰਮ-ਧੰਦਾ:** ਲੈਜਿਸਲੇਟਿਵ ਡਾਇਰੈਕਟਰ, ਕੌਂਸਲਵੂਮੈਨ ਰੋਜ਼ੀ ਮੈਂਡੇਜ਼ (Rosie Mendez); ਪ੍ਰੋਗਰਾਮਾਂ ਅਤੇ ਸੇਵਾਵਾਂ ਬਾਰੇ ਡਾਇਰੈਕਟਰ, ਗੁੱਡ ਓਲਡ ਲੋਅਰ ਈਸਟ ਸਾਈਡ; ਪ੍ਰੋਗਰਾਮ ਅਸਿਸਟੈਂਟ, ਲਾੱਇਰਸ ਅਲਾਇੰਸ ਫ਼ਾੱਰ ਨਿਊਯਾੱਰਕ

**ਸਿੱਖਿਆ:** ਪੱਤਰਕਾਰੀ ਵਿੱਚ BA, ਮੈਰਿਸਟ ਕਾੱਲਿਜ

**ਸੰਸਥਾਗਤ ਸਬੰਧ:** ਲਿੰਗ-ਭੇਦ ਬਰਾਬਰੀ ਬਾਰੇ ਕਮਿਸ਼ਨ; ਸਥਾਨ ਡੈਮੋਕ੍ਰੈਟਿਕ ਕਲੱਬ

**ਪਹਿਲਾਂ ਦਾ ਸਰਕਾਰੀ ਅਨੁਭਵ:** ਡੈਮੋਕ੍ਰੈਟਿਕ ਡਿਸਟ੍ਰਿਕਟ ਲੀਡਰ, 74ਵੀਂ ਅਸੈਂਬਲੀ ਡਿਸਟ੍ਰਿਕਟ; ਮੈਨਹੱਟਨ ਭਾਈਚਾਰੇ ਸਬੰਧੀ ਬੋਰਡ 3

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਡੈਮੋਕ੍ਰੈਟਿਕ

# ਉਮੀਦਵਾਰਾਂ ਦੀ ਤੁਲਨਾ ਕਰਨੀ

ਇਸ ਸਾਲ, ਅਸੀਂ ਉਮੀਦਵਾਰਾਂ ਨੂੰ ਉਹਨਾਂ ਅੱਠ ਮੁੱਦਿਆਂ ਬਾਰੇ ਆਪਣੀ ਸਥਿਤੀ ਸਾਂਝੀ ਕਰਨ ਲਈ ਕਿਹਾ ਸੀ, ਜਿਹਨਾਂ ਬਾਰੇ ਨਿਊਯਾਰਕ ਦੇ ਵਸਨੀਕਾਂ ਨੇ ਕੁਈਨੀਪਿਆਕ ਯੂਨੀਵਰਸਿਟੀ ਦੀਆਂ ਹਾਲੀਆ ਚੋਣ ਵਿੱਚ ਉਹਨਾਂ ਨੂੰ ਸਭ ਤੋਂ ਜ਼ਰੂਰੀ ਦੱਸਿਆ ਸੀ: ਜੁਰਮ, ਮਹਿੰਗਾਈ, ਲੋਕਰਾਜ ਦੀ ਰਾਖੀ ਕਰਨੀ, ਗਰਭਪਾਤ, ਕਿਫ਼ਾਇਤੀ ਰਿਹਾਇਸ਼, ਬੇਘਰਾਪਣ, ਨਸਲੀ ਨਾਬਰਾਬਰੀ ਅਤੇ ਜਲਵਾਯੂ-ਤਬਦੀਲੀ। ਇਹਨਾਂ ਮਸਲਿਆਂ ਬਾਰੇ ਉਮੀਦਵਾਰਾਂ ਦੇ ਜਵਾਬਾਂ ਦੀ ਤੁਲਨਾ ਕਰਨ ਲਈ, **punjabi.nycvotes.org/compare** 'ਤੇ ਜਾਓ।

ਆਪਣੀ ਸਿਟੀ ਕੌਂਸਲ ਡਿਸਟ੍ਰਿਕਟ ਦਾ **findmypollsite.vote.nyc** 'ਤੇ ਪਤਾ ਲਾਓ।

## ਕੈਰਲਿਨਾ ਰਿਵੇਰਾ (Carlina Rivera) ✓

ਡੈਮੋਕ੍ਰੇਟਿਕ, ਵਰਕਿੰਗ ਫ਼ੈਮਿਲੀਜ਼

| | |
|---|---|
| **ਅਪਰਾਧ** | ਨਿਊਯਾਰਕ ਦੇ ਹਰ ਵਸਨੀਕ ਨੂੰ ਆਪਣੇ ਭਾਈਚਾਰੇ ਅਤੇ ਆਪਣੇ ਘਰ ਵਿੱਚ ਸੁਰੱਖਿਅਤ ਮਹਿਸੂਸ ਕਰਨ ਦਾ ਹੱਕ ਹੈ। ਫ਼ੌਜਦਾਰੀ ਨਿਆ ਬਾਰੇ ਕੌਂਸਲ ਕਮੇਟੀ ਦੀ ਪ੍ਰਧਾਨ ਹੋਣ ਵਜੋਂ, ਮੈਂ ਇੱਕ ਆਮ ਸਮਝ ਵਾਲੀ ਪਹੁੰਚ ਅਪਣਾਉਣ ਲਈ ਵਚਨਬੱਧ ਹਾਂ, ਜਿਸ ਵਿੱਚ ਭਾਈਚਾਰਕ-ਪੱਧਰ ਦੇ ਪ੍ਰੋਗਰਾਮਾਂ ਅਤੇ ਹਿੰਸਾ ਵਿੱਚ ਅੜਿੱਕਾ ਪਾਉਣ ਵਾਲੀ ਲੰਮੇ ਸਮੇਂ ਦੀ ਸੁਰੱਖਿਆ 'ਤੇ ਧਿਆਨ ਦੇਣ ਵਾਲੇ ਸ਼ਾਮਿਲ ਹਨ। |
| **ਮਹਿੰਗਾਈ** | ਨਿਊਯਾਰਕ ਸਾਲਾਂ ਤੋਂ ਆਮ ਲੋਕਾਂ ਦੀ ਪੁੱਜਤ ਤੋਂ ਬਾਹਰ ਰਿਹਾ ਹੈ, ਪਰ ਹਾਲੀਆ ਮਹਿੰਗਾਈ ਨੇ ਇਸ ਹਾਲਤ ਨੂੰ ਹੋਰ ਬਦਤਰ ਬਣਾ ਦਿੱਤਾ ਹੈ। ਮੈਨੂੰ, ਕੀਮਤ ਵਿਚਲੇ ਵਾਧੇ ਨੂੰ ਰੋਕਣ, ਕੰਮਕਾਜੀ ਪਰਿਵਾਰਾਂ ਤੱਕ ਹੋਰ ਚੀਜ਼ਾਂ ਪਹੁੰਚਣ ਅਤੇ ਸਭ ਲਈ ਇੱਕ ਵੱਧ ਕਿਫ਼ਾਇਤੀ, ਸਿਰਫ਼ ਸ਼ਹਿਰ ਬਣਾਉਣ ਲਈ ਵੱਡੀਆਂ ਕਾਰਪੋਰੇਸ਼ਨਾਂ ਅਤੇ ਵੱਡੇ ਖ਼ਾਸ ਹਿੱਤਾਂ ਨਾਲ ਖੜ੍ਹੇ ਹੋਣ 'ਤੇ ਮਾਣ ਹੈ। |
| **ਲੋਕਰਾਜ ਦੀ ਰਾਖੀ ਕਰਨਾ** | US ਵਿਚਲੇ ਕੱਟੜਪੰਥੀ ਸਾਡੇ ਲੋਕਰਾਜ ਨੂੰ ਢਾਹ ਲਾ ਰਹੇ ਹਨ। ਨਿਊਯਾਰਕ ਦੇ ਵਸਨੀਕ ਖ਼ਤਰਨਾਕ ਘੱਟ ਗਿਣਤੀਆਂ ਨੂੰ ਬਹੁਤੇ ਲੋਕਾਂ 'ਤੇ ਹਕੂਮਤ ਕਰਨ ਦੀ ਮੰਜ਼ੂਰੀ ਨਹੀਂ ਦੇਣਗੇ। ਮੈਂ ਗ਼ਲਤ ਜਾਣਕਾਰੀ ਦਾ ਮੁਕਾਬਲਾ ਕਰਨ, ਵੋਟਿੰਗ ਦਾ ਹੱਕ ਦੀ ਰਾਖੀ ਕਰਨ ਅਤੇ ਸਾਡੀਆਂ ਕਦਰਾਂ-ਕੀਮਤਾਂ ਨੂੰ ਤਬਾਹ ਕਰਨ ਦੀ ਕੋਸ਼ਿਸ਼ ਕਰਨ ਵਾਲੇ ਲੋਕਾਂ ਦਾ ਧਿਆਨ ਦਿਵਾਉਣ ਲਈ ਮੁਕਾਬਲਾ ਕਰਨ ਵਾਸਤੇ ਆਪਣੇ ਹਰ ਜ਼ਰੀਏ ਦੀ ਵਰਤੋਂ ਕਰਨ ਲਈ ਵਚਨਬੱਧ ਹਾਂ। |

## ਉਮੀਦਵਾਰ ਦੇ ਵੀਡੀਓ ਵੇਖੋ

**ਉਮੀਦਵਾਰਾਂ ਬਾਰੇ ਹੋਰ ਜਾਣਨ ਲਈ ਸਾਡੀ ਔਨਲਾਈਨ ਵੋਟਰ ਗਾਈਡ 'ਤੇ ਜਾਓ! ਆਪਣੀ ਵੋਟ-ਪਰਚੀ 'ਤੇ ਉਮੀਦਵਾਰਾਂ ਬਾਰੇ ਜਾਣਨ ਲਈ ਆਪਣਾ ਪਤਾ ਭਰੋ ਅਤੇ ਫਿਰ ਉਮੀਦਵਾਰ ਦੇ ਵੀਡੀਓ ਵੇਖਣ ਲਈ ਉਹਨਾਂ ਦੇ ਪ੍ਰੋਫ਼ਾਈਲ 'ਤੇ ਜਾਓ।**

**ਇੱਥੇ ਸਕੈਨ ਕਰੋ ਜਾਂ punjabi.nycvotes.org/candidates 'ਤੇ ਜਾਓ**

# ਫ਼ੱਲੋ ਕਰੋ NYC Votes

ਸਾਰੀਆਂ ਹਾਲੀਆ ਚੋਣ ਅਪਡੇਟਸ ਲਈ,
ਤੁਸੀਂ NYC Votes ਫ਼ੱਲੋ ਕਰ ਸਕਦੇ ਹੋ

**@nycvotes**

# ਸਿਟੀ ਕੌਂਸਲ ਡਿਸਟ੍ਰਿਕਟ 3

**ਲੋਕਰਾਜੀ**

- ਐਰਿਕ ਬੌਚਰ (Erik Bottcher) ✓

**ਰਿਪਬਲਿਕਨ ਪਾਰਟੀ, ਮੈਡੀਕਲ ਫ਼੍ਰੀਡਮ ਪਾਰਟੀ**

- ਰੌਬਰਟ ਬੌਬਰਿਕ (Robert Bobrick) ✓

✓ ਜੇ ਇੱਕ ਉਮੀਦਵਾਰ NYC ਦੇ ਮੈਚਿੰਗ ਫੰਡ ਪ੍ਰੋਗਰਾਮ ਵਿੱਚ ਹਿੱਸਾ ਲੈ ਰਿਹਾ ਹੈ, ਤਾਂ ਇਹ ਬੈਜ ਨਜ਼ਰ ਆਏਗਾ, ਜਿਸ ਨਾਲ ਉਮੀਦਵਾਰ ਨਿਊਯਾਰਕ ਦੇ ਵਸਨੀਕਾਂ 'ਤੇ ਭਰੋਸਾ ਕਰਦੇ ਹਨ – ਉਹਨਾਂ ਦੇ ਚੋਣ-ਪ੍ਰਚਾਰ ਲਈ ਫ਼ੰਡਾਂ ਲਈ – ਖ਼ਾਸ ਹਿੱਤਾਂ ਲਈ ਨਹੀਂ। ਪੰਨਾ 45 'ਤੇ ਹੋਰ ਜਾਣੋ।

ਇਸ ਗਾਈਡ ਵਿੱਚ ਉਹ ਸਾਰੇ ਉਮੀਦਵਾਰ ਸ਼ਾਮਿਲ ਹਨ, ਜਿਹਨਾਂ ਦੀ ਇਸਦੀ ਛਪਾਈ ਸਮੇਂ ਵੋਟ-ਪਰਚੀ 'ਤੇ ਹੋਣ ਦੀ ਸੰਭਾਵਨਾ ਸੀ। ਉਮੀਦਵਾਰਾਂ ਦੀ ਸਭ ਤੋਂ ਅਪਡੇਟ ਸੂਚੀ ਵੇਖਣ, ਉਮੀਦਵਾਰ ਦੀਆਂ ਵੀਡੀਓ ਲੱਭਣ ਅਤੇ ਮਸਲੇ ਦੀਆਂ ਸਥਿਤੀਆਂ ਦੀ ਤੁਲਨਾ ਕਰਨ ਲਈ **punjabi.nycvotes.org/candidates** 'ਤੇ ਜਾਓ।

---



## ਐਰਿਕ ਬੌਚਰ (Erik Bottcher) ✓

ਲੋਕਰਾਜੀ

**ਮੁੱਖ 3 ਮਸਲੇ:**

1. ਜ਼ਿੰਦਗੀ ਦੀ ਕੁਆਲਿਟੀ ਅਤੇ ਜਨਤਕ ਸੁਰੱਖਿਆ
2. ਕਿਫ਼ਾਇਤੀ ਰਿਹਾਇਸ਼ ਦਾ ਸੰਕਟ
3. ਮਾਨਸਿਕ ਸਿਹਤ ਸੰਕਟ

*"ਲਾਗੂ/ਨਹੀਂ"*

**ਮੌਜੂਦਾ ਕੰਮ-ਧੰਦਾ:** ਨਗਰ ਕੌਂਸਲ ਮੈਂਬਰ

**ਪਿਛਲਾ ਕੰਮ-ਧੰਦਾ:** ਨਿਊਯਾਰਕ ਸਿਟੀ ਕੌਂਸਲ ਦੇ ਸਪੀਕਰ ਦੇ ਚੀਫ਼ ਆੱਫ਼ ਸਟਾਫ਼ ਨਿਊਯਾਰਕ ਸਟੇਟ ਦੇ ਗਵਰਨਰ ਲਈ LGBTQ+ ਭਾਈਚਾਰਕ ਤਾਲਮੇਲ, ਨਿਊਯਾਰਕ ਸਿਟੀ ਕੌਂਸਲ ਲਈ LGBTQ ਅਤੇ HIV/AIDS ਭਾਈਚਾਰਕ ਤਾਲਮੇਲ

**ਸਿੱਖਿਆ:** ਜੌਰਜ ਵਾੱਸ਼ਿੰਗਟਨ ਯੂਨੀਵਰਸਿਟੀ, ਸਟੇਟ ਅਤੇ ਸਥਾਨਕ ਸਰਕਾਰ ਦੇ ਪ੍ਰੋਗਰਾਮ ਵਿੱਚ ਹਾਰਵਰਡ ਕੈਨੇਡੀ ਸਕੂਲ ਦੇ ਸੀਨੀਅਰ ਪ੍ਰਸ਼ਾਸਕ

**ਸੰਸਥਾਗਤ ਸਬੰਧ:** ਵਿਲੇਜ ਇੰਡੀਪੈਂਡੈਂਟ ਡੈਮੋਕ੍ਰੈਟਸ, ਨਿਊਯਾੱਰਕ ਸਿਟੀ ਦਾ ਸਟੋਨਵਾੱਲ ਡੈਮੋਕ੍ਰੈਟਿਕ ਕਲੱਬ, ਡੈਮੋਕ੍ਰੈਟਿਕ ਮਿਉਂਸਿਪਲ ਅਫ਼ਸਰ

**ਪਹਿਲਾਂ ਦਾ ਸਰਕਾਰੀ ਅਨੁਭਵ:** ਨਿਊਯਾਰਕ ਸਿਟੀ ਕੌਂਸਲ ਲਈ ਡੈਮੋਕ੍ਰੈਟਿਕ ਕਾਉਂਟੀ ਕਮੇਟੀ, LGBTQ ਅਤੇ HIV/AIDS ਭਾਈਚਾਰਕ ਤਾਲਮੇਲ, ਨਿਊਯਾਰਕ ਸਟੇਟ ਦੇ ਗਵਰਨਰ ਲਈ LGBTQ+ ਭਾਈਚਾਰਕ ਤਾਲਮੇਲ, ਭਾਈਚਾਰੇ ਸਬੰਧੀ ਬੋਰਡ 3 (ਪਬਲਿਕ ਮੈਂਬਰ), NYPD ਦੀ LGBTQ+ ਸਲਾਹਕਾਰ ਕਮੇਟੀ

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਲੋਕਰਾਜੀ



## ਰੌਬਰਟ P ਬੌਬਰਿਕ (Robert P Bobrick)

ਰਿਪਬਲਿਕਨ, ਮੈਡੀਕਲ ਫਰੀਡਮ

**ਮੁੱਖ 3 ਮਸਲੇ:**

1. ਸਰੀਰਕ ਖ਼ੁਦਮੁਖ਼ਤਾਰੀ ਅਤੇ ਮੈਡੀਕਲ ਫ਼੍ਰੀਡਮ
2. ਚੁਣਨ ਦਾ ਮਾਤਾ-ਪਿਤਾ ਦਾ ਹੱਕ
3. ਬੁਨਿਆਦੀ ਢਾਂਚਾ ਅਤੇ ਛੋਟਾ ਕਾਰੋਬਾਰ

*"ਮੈਂ ਔਸਤ ਵੋਟਰ ਤੱਕ ਆਪਣਾ ਸੁਨੇਹਾ ਪਹੁਚਾਉਣ ਅਤੇ ਉਸਨੂੰ ਆਪਣੀ ਗੱਲ ਕਹਿਣ ਲਈ ਜ਼ਮੀਨੀ ਪੱਧਰ 'ਤੇ ਚੋਣ-ਪ੍ਰਚਾਰ ਕਰ ਰਹੀ ਹਾਂ। ਮੈਂ ਸੋਸ਼ਲ ਮੀਡੀਆ ਤੋਂ ਜ਼ਿਆਦਾ ਲੋਕਾਂ ਵਿਚਕਾਰ ਅਤੇ ਘਰ-ਘਰ ਜਾਕੇ ਚੋਣ-ਪ੍ਰਚਾਰ ਕਰਦੀ ਹਾਂ। ਮੇਰੇ ਚੋਣ-ਪ੍ਰਚਾਰ ਦਾ ਨਾਅਰਾ ਹੈ "ਆਓ, ਇਸਨੂੰ ਇੱਕ ਚੋਣ ਬਣਾਈਏ, ਚੋਣ ਕਰਨਾ ਨਹੀਂ।" ਮੈਂ ਏਜੰਡੇ ਨਾਲ ਚੱਲਣ ਵਾਲੀ ਰਾਇਸ਼ੁਮਾਰੀ ਕਰਕੇ ਖ਼ਤਰੇ ਹੇਠ ਆਏ ਮੈਡੀਕਲ ਅਤੇ ਰੱਬ ਵਲੋਂ ਬਖ਼ਸ਼ੇ ਹੋਰ ਹੱਕਾਂ ਲਈ ਖੜ੍ਹੀ ਹੋਵਾਂਗੀ।*

**ਮੌਜੂਦਾ ਕੰਮ-ਧੰਦਾ:** ਰਿਟਾਇਰਡ

**ਪਿਛਲਾ ਕੰਮ-ਧੰਦਾ:** ਇਤਿਹਾਸ ਦੇ ਟੀਚਰ, ESL ਟੀਚਰ

**ਸਿੱਖਿਆ:** MA, ਹਿਸਟੌਰੀਕਲ ਸਟਡੀਜ਼, ਨਿਊ ਸਕੂਲ ਯੂਨੀਵਰਸਿਟੀ; MA, ਏਸ਼ੀਅਨ ਸਟਡੀਜ਼, ਸੈਟੌਨ ਹਾੱਲ ਯੂਨੀਵਰਸਿਟੀ; BA, ਕੋਲੰਬੀਆ ਕਾੱਲਿਜ

**ਸੰਸਥਾਗਤ ਸਬੰਧ:** ਮੈਡੀਕਲ ਫ਼੍ਰੀਡਮ ਅਲਾਇੰਸ, ਜੈਫ਼ ਡੁਲੀਆ ਇੰਟਰਜੈਨਰੇਸ਼ਨਲ ਗਾਰਡਨ

**ਪਹਿਲਾਂ ਦਾ ਸਰਕਾਰੀ ਅਨੁਭਵ:** ਉਮੀਦਵਾਰ, NYS ਸੈਨੇਟ, ਡਿਸਟ੍ਰਿਕਟ 47, 2022

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਰਿਪਬਲਿਕਨ

# ਚੋਣ ਅਲਰਟ ਪ੍ਰਾਪਤ ਕਰੋ

**ਟੈਕਸਟ ਜਾਂ ਈਮੇਲ ਕਰਕੇ ਚੋਣ ਅਲਰਟ ਲਈ ਸਾਈਨ ਅਪ ਕਰੋ!**
**ਮੁੱਖ ਅੰਤਮ-ਤਾਰੀਖ਼ਾਂ ਅਤੇ ਵੋਟ ਕਦੋਂ ਪਾਓ, ਬਾਰੇ ਚੌਕਸ ਰਹੋ।**

**ਇੱਥੇ ਸਕੈਨ ਕਰੋ ਜਾਂ nycvotes.org/stay-informed 'ਤੇ ਜਾਓ**

# ਉਮੀਦਵਾਰਾਂ ਦੀ ਤੁਲਨਾ ਕਰਨੀ

ਇਸ ਸਾਲ, ਅਸੀਂ ਉਮੀਦਵਾਰਾਂ ਨੂੰ ਉਹਨਾਂ ਅੱਠ ਮੁੱਦਿਆਂ ਬਾਰੇ ਆਪਣੀ ਸਥਿਤੀ ਸਾਂਝੀ ਕਰਨ ਲਈ ਕਿਹਾ ਸੀ, ਜਿਹਨਾਂ ਬਾਰੇ ਨਿਊਯਾਰਕ ਦੇ ਵਸਨੀਕਾਂ ਨੇ ਕੁਈਨੀਪਿਆਕ ਯੂਨੀਵਰਸਿਟੀ ਦੀਆਂ ਹਾਲੀਆ ਚੋਣ ਵਿੱਚ ਉਹਨਾਂ ਨੂੰ ਸਭ ਤੋਂ ਜ਼ਰੂਰੀ ਦੱਸਿਆ ਸੀ: ਜੁਰਮ, ਮਹਿੰਗਾਈ, ਲੋਕਰਾਜ ਦੀ ਰਾਖੀ ਕਰਨੀ, ਗਰਭਪਾਤ, ਕਿਫ਼ਾਇਤੀ ਰਿਹਾਇਸ਼, ਬੇਘਰਾਪਣ, ਨਸਲੀ ਨਾਬਰਾਬਰੀ ਅਤੇ ਜਲਵਾਯੂ-ਤਬਦੀਲੀ। ਇਹਨਾਂ ਮਸਲਿਆਂ ਬਾਰੇ ਉਮੀਦਵਾਰਾਂ ਦੇ ਜਵਾਬਾਂ ਦੀ ਤੁਲਨਾ ਕਰਨ ਲਈ, **punjabi.nycvotes.org/compare** 'ਤੇ ਜਾਓ।

ਆਪਣੀ ਸਿਟੀ ਕੌਂਸਲ ਡਿਸਟ੍ਰਿਕਟ ਦਾ **findmypollsite.vote.nyc** 'ਤੇ ਪਤਾ ਲਾਓ।

| | ਐਰਿਕ ਬੌਚਰ (Erik Bottcher) ✓<br>ਲੋਕਰਾਜੀ | ਰੌਬਰਟ P ਬੌਬਰਿਕ (Robert P Bobrick) ✓<br>ਰਿਪਬਲਿਕਨ, ਮੈਡੀਕਲ ਫਰੀਡਮ |
|---|---|---|
| **ਅਪਰਾਧ** | ਜਨਤਕ ਸੁਰੱਖਿਆ ਨੂੰ ਯਕੀਨੀ ਬਣਾਉਣਾ ਸਰਕਾਰ ਦੀ ਬੁਨਿਆਦੀ ਜ਼ਿੰਮੇਵਾਰੀ ਹੈ। ਮਾਨਸਿਕ ਬਿਮਾਰੀ ਦਾ ਸੰਕਟ, ਨਸ਼ੀਲੀਆਂ ਦਵਾਈਆਂ ਦੀ ਕੁਵਰਤੋਂ ਨਾਲ ਪਬਲਿਕ ਸਿਹਤ ਦਾ ਗੰਭੀਰ ਮਸਲਾ ਅਤੇ ਜਿਵੇਂ-ਕਿਵੇਂ ਕੰਮ ਕਰਨ ਵਾਲੇ ਅਦਾਲਤ ਦੇ ਸਿਸਟਮ ਸਮੇਤ ਜੁਰਮ ਅਤੇ ਜ਼ਿੰਦਗੀ ਦੀ ਕੁਆਲਿਟੀ ਸਬੰਧੀ ਚਿੰਤਾਵਾਂ ਵਿੱਚ ਹਿੱਸਾ ਪਾਉਣ ਵਾਲੇ ਬਹੁਤ ਸਾਰੇ ਕਾਰਕਾਂ ਨੂੰ ਹੱਲ ਕਰਨ ਲਈ ਠੋਸ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। | ਪੁਲਿਸ ਨੂੰ ਡੀਫ਼ੰਡ ਨਹੀਂ ਕੀਤਾ ਜਾਣਾ ਚਾਹੀਦਾ। ਪਰਿਵਾਰਾਂ, ਭਾਈਚਾਰਿਆਂ ਅਤੇ ਗੁਆਂਢਚਾਰੇ ਨੂੰ ਮਜ਼ਬੂਤ ਬਣਾਉਣਾ ਅਤੇ ਹਿਮਾਇਤ ਕਰਨਾ, ਜੁਰਮ ਨੂੰ ਘੱਟ ਕਰਨ ਦਾ ਸਭ ਤੋਂ ਚੰਗਾ ਅਤੇ ਢੁਕਵਾਂ ਤਰੀਕਾ ਹੈ। ਸਾਡੇ ਸ਼ਹਿਰ ਲਈ ਸੁਰੱਖਿਅਤ ਸੜਕਾਂ ਅਤੇ ਟ੍ਰਾਂਸਪੋਰਟੇਸ਼ਨ ਜ਼ਰੂਰੀ ਹਨ। |
| **ਮਹਿੰਗਾਈ** | ਮਹਿੰਗਾਈ ਇੱਕ ਗੰਭੀਰ ਮਸਲਾ ਹੈ, ਜੋ ਨਿਊਯਾੱਰਕਰਾਂ ਦੀ ਮੇਜ਼ 'ਤੇ ਰੋਜ਼ ਰੱਖੇ ਜਾਣ ਵਾਲੇ ਭੋਜਨ ਦੀ ਸਮਰੱਥਾ 'ਤੇ ਅਸਰ ਪਾਉਂਦੀ ਹੈ। ਇਸ ਲਈ ਮੈਂ ਮਹਿੰਗਾਈ ਨਾਲ ਨਜਿੱਠਣ ਅਤੇ ਹਰ ਵਿਅਕਤੀ ਸਤਿਕਾਰ ਨਾਲ ਜ਼ਿੰਦਗੀ ਗੁਜ਼ਾਰ ਸਕਦਾ ਹੈ, ਨੂੰ ਯਕੀਨੀ ਬਣਾਉਣ ਲਈ ਵਰਕਰਾਂ ਵਾਸਤੇ ਵਧੀਆਂ ਹੋਈਆਂ ਉਜਰਤਾਂ ਲਈ ਕੀਤੀ ਗਈ ਮਦਦ ਵਾਸਤੇ ਪ੍ਰੈਜ਼ੀਡੈਂਟ ਬਾਈਡਨ ਵਲੋਂ ਕੀਤੀਆਂ ਗਈਆਂ ਕੋਸ਼ਿਸ਼ਾਂ ਦੀ ਹਿਮਾਇਤ ਕਰਦਾ ਹਾਂ। | ਇਹ ਇੱਕ ਵਿਆਪਕ ਆਰਥਕ ਸੁਆਲ ਹੈ, ਜੋ ਸਟੇਟ ਅਤੇ ਰਾਸ਼ਟਰੀ ਪਾੱਲਿਸੀ ਨਾਲ ਜੁੜਿਆ ਹੋਇਆ ਹੈ। NYC ਨੂੰ ਹਮੇਸ਼ਾ ਵੱਧ ਤੋਂ ਵੱਧ ਛਾਪੇ ਜਾਣ ਵਾਲੇ ਫ਼ੈਡਰਲ ਡਾੱਲਰਾਂ ਦੀ ਉਮੀਦ ਕਰਨ ਦੀ ਬਜਾਇ ਸਥਾਨਕ ਆਰਥਕਤਾ ਨੂੰ ਉਤਸਾਹ ਦੇਕੇ ਆਪਣੀ ਭੂਮਿਕਾ ਨਿਭਾਉਣੀ ਚਾਹੀਦੀ ਹੈ। |
| **ਲੋਕਰਾਜ ਦੀ ਰਾਖੀ ਕਰਨਾ** | ਪੂਰੇ ਅਮਰੀਕਾ ਵਿੱਚ ਹੀ ਨਹੀਂ - ਇੱਥੇ ਨਿਊਯਾੱਰਕ ਸਟੇਟ ਵਿੱਚ ਵੀ ਰਾਈਟ ਵਿੰਗ ਐਕਸਟ੍ਰੀਮਿਸਟਸ ਵਲੋਂ ਲੋਕਰਾਜ ਅਤੇ ਵੋਟਰ ਦੇ ਹੱਕਾਂ 'ਤੇ ਹਮਲਾ ਕੀਤਾ ਜਾ ਰਿਹਾ ਹੈ। ਜੌਨ ਲੁਈਸ ਪ੍ਰੋਟੈਕਸ਼ਨ ਐਕਟ ਵੋਟ ਦੇ ਹੱਕ ਦੀ ਰਾਖੀ ਕਰਨ ਲਈ ਸਾਡਾ ਸਭ ਤੋਂ ਵਧੀਆ ਮੌਕਾ ਹੈ ਅਤੇ ਸਾਨੂੰ ਇਸ ਲਈ ਰਾਹ ਪੱਧਰਾ ਕਰਨ ਲਈ ਜੰਗ ਜਾਰੀ ਰੱਖਣੀ ਚਾਹੀਦੀ ਹੈ। | ਮੈਨੂੰ ਇੱਕ ਖ਼ੁਦਮੁਖ਼ਤਾਰ ਉਮੀਦਵਾਰ ਵਜੋਂ ਵਿਚਾਰੋ। ਜਦੋਂ ਸਾਡੀ ਸਿਟੀ ਸਰਕਾਰ ਵਿੱਚ, ਅਜ਼ਾਦ ਉਮੀਦਵਾਰਾਂ ਦੀ ਸ਼ਮੂਲੀਅਤ ਵਾਲੀ ਵੱਧ ਸਾਵੀਂ ਨੁਮਾਇੰਦਗੀ ਹੁੰਦੀ ਹੈ, ਤਾਂ ਕੌਂਸਲ ਵਿੱਚ ਲੋਕਾਂ ਦੀਆਂ ਤਰਜੀਹਾਂ ਨੂੰ ਹੋਰ ਵਿਆਪਕ ਤਰੀਕੇ ਨਾਲ ਸੁਣਿਆ ਜਾਏਗਾ। |

# ਆਪਣੀ ਵੋਟ-ਪਰਚੀ ਦਾ ਪਲਾਨ ਬਣਾਓ

**ਕੀ ਤੁਸੀਂ ਆਪਣੇ ਉਮੀਦਵਾਰਾਂ ਦੀ ਚੋਣ ਕਰਨੀ ਬੰਦ ਕਰ ਦਿੱਤੀ ਹੈ?**
**ਆਪਣੀ ਵੋਟਾਂ ਪੈਣ ਦੀ ਥਾਂ 'ਤੇ ਆਪਣੇ ਨਾਲ ਆਪਣੀਆਂ ਤਸਵੀਰਾਂ ਲਿਜਾਣ ਲਈ ਸੇਵ ਕਰੋ!**

**ਇੱਥੇ ਸਕੈਨ ਕਰੋ ਜਾਂ**
**punjabi.nycvotes.org/plan-your-ballot 'ਤੇ ਜਾਓ**

# ਸਿਟੀ ਕੌਂਸਲ ਡਿਸਟ੍ਰਿਕਟ 4

**ਲੋਕਰਾਜੀ**

- ਕੀਥ ਪਾੱਵਰਸ (Keith Powers)

**ਰਿਪਬਲਿਕਨ, ਪੇਰੇਂਟ ਪਾਰਟੀ**

- ਬ੍ਰਾਇਨ ਰੌਬਿਨਸਨ (Brian Robinson)

ਜੇ ਇੱਕ ਉਮੀਦਵਾਰ NYC ਦੇ ਮੈਚਿੰਗ ਫੰਡ ਪ੍ਰੋਗਰਾਮ ਵਿੱਚ ਹਿੱਸਾ ਲੈ ਰਿਹਾ ਹੈ, ਤਾਂ ਇਹ ਬੈਜ ਨਜ਼ਰ ਆਏਗਾ, ਜਿਸ ਨਾਲ ਉਮੀਦਵਾਰ ਨਿਊਯਾਰਕ ਦੇ ਵਸਨੀਕਾਂ 'ਤੇ ਭਰੋਸਾ ਕਰਦੇ ਹਨ – ਉਹਨਾਂ ਦੇ ਚੋਣ-ਪ੍ਰਚਾਰ ਲਈ ਫ਼ੰਡਾਂ ਲਈ – ਖ਼ਾਸ ਹਿੱਤਾਂ ਲਈ ਨਹੀਂ। ਪੰਨਾ 45 'ਤੇ ਹੋਰ ਜਾਣੋ।

ਇਸ ਗਾਈਡ ਵਿੱਚ ਉਹ ਸਾਰੇ ਉਮੀਦਵਾਰ ਸ਼ਾਮਿਲ ਹਨ, ਜਿਹਨਾਂ ਦੀ ਇਸਦੀ ਛਪਾਈ ਸਮੇਂ ਵੋਟ-ਪਰਚੀ 'ਤੇ ਹੋਣ ਦੀ ਸੰਭਾਵਨਾ ਸੀ। ਉਮੀਦਵਾਰਾਂ ਦੀ ਸਭ ਤੋਂ ਅਪਡੇਟ ਸੂਚੀ ਵੇਖਣ, ਉਮੀਦਵਾਰ ਦੀਆਂ ਵੀਡੀਓ ਲੱਭਣ ਅਤੇ ਮਸਲੇ ਦੀਆਂ ਸਥਿਤੀਆਂ ਦੀ ਤੁਲਨਾ ਕਰਨ ਲਈ **punjabi.nycvotes.org/candidates** 'ਤੇ ਜਾਓ।

---



## ਕੀਥ ਪਾੱਵਰਸ (Keith Powers)

ਲੋਕਰਾਜੀ

**ਮੁੱਖ 3 ਮਸਲੇ:**

1. ਰਿਹਾਇਸ਼ ਅਤੇ ਬੇਘਰਾਪਣ
2. ਜਨਤਕ ਸੁਰੱਖਿਆ ਅਤੇ ਮਾਨਸਿਕ ਸਿਹਤ
3. ਛੋਟੇ ਕਾਰੋਬਾਰ ਅਤੇ ਆਰਥਕ ਵਿਕਾਸ

*"ਪਿਛਲੇ ਛੇ ਸਾਲਾਂ ਤੋਂ, ਮੈਨਹਟਨ ਦੇ ਪੂਰਬ ਵਾਲੇ ਪਾਸੇ ਦੀ-- ਡਿਸਟ੍ਰਿਕਟ, ਜਿੱਥੇ ਮੇਰਾ ਜਨਮ ਹੋਇਆ ਅਤੇ ਵੱਡੀ ਹੋਈ ਹਾਂ, ਦੀ ਨੁਮਾਇੰਦਗੀ ਕਰਨਾ, ਸਨਮਾਨ ਵਾਲੀ ਗੱਲ ਹੈ। ਸਟੁਅਵੇਸੇਂਟ ਟਾਊਨ ਤੋਂ ਕਾਰਨੇਗੀ ਹਿਲ ਤੱਕ, ਮੈਨੂੰ ਉਸ ਕੰਮ 'ਤੇ ਮਾਣ ਹੈ, ਜਿਹੜਾ ਕੰਮ ਅਸੀਂ ਕਿਫ਼ਾਇਤੀ ਰਿਹਾਇਸ਼ ਦੀਆਂ ਹਜ਼ਾਰਾਂ ਯੂਨਿਟਾਂ ਦੀ ਸੰਭਾਲ ਕਰਨ, ਆਪਣੇ ਸਥਾਨਕ ਪਬਲਿਕ ਸਕੂਲਾਂ ਵਿੱਚ ਲੱਖਾਂ ਡਾੱਲਰ ਦੀ ਪੂੰਜੀ ਲਾਉਣ, ਨਵੀਆਂ ਖੁੱਲ੍ਹੀਆਂ ਥਾਵਾਂ ਅਤੇ ਟ੍ਰਾਂਸਪੋਰਟੇਸ਼ਨ ਦੀ ਹਿਮਾਇਤ ਕਰਨ ਅਤੇ ਆਪਣੇ ਸੰਘਟਕਾਂ ਦੀਆਂ ਰੋਜ਼ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਕੀਤਾ ਹੈ।*

*ਇਸ ਮਿਆਦ ਦੌਰਾਨ, ਮੈਨੂੰ ਸਿਟੀ ਕੌਂਸਲ ਦੇ ਬਹੁਗਿਣਤੀ ਲੀਡਰ ਵਜੋਂ ਕੰਮ ਕਰਨ ਅਤੇ ਸ਼ਹਿਰ ਦੀ ਅਗਵਾਈ ਕਰਨ ਵਿੱਚ ਆਪਣੀ ਡਿਸਟ੍ਰਿਕਟ ਲਈ ਅਹਿਮ ਅਵਾਜ਼ ਬਣਕੇ ਕੰਮ ਕਰਨ 'ਤੇ ਮਾਣ ਹੈ।"*

**ਮੌਜੂਦਾ ਕੰਮ-ਧੰਦਾ:** ਨਗਰ ਕੌਂਸਲ ਮੈਂਬਰ

**ਪਿਛਲਾ ਕੰਮ-ਧੰਦਾ:** ਚੀਫ਼ ਆਫ਼ ਸਟਾਫ਼

**ਸਿੱਖਿਆ:** CUNY ਗ੍ਰੈਜੂਏਟ ਸੈਂਟਰ, ਡੇਅਟਨ ਯੂਨੀਵਰਸਿਟੀ

**ਸੰਸਥਾਗਤ ਸਬੰਧ:** ਸਟੁਵੇਸੈਂਟ ਟਾਊਨ ਐਂਡ ਪੀਟਰ ਕੂਪਰ ਵਿਲੇਜ ਟੈਨੈਂਟਸ ਐਸੋਸੀਏਸ਼ਨ, ਭਾਈਚਾਰੇ ਸਬੰਧੀ ਬੋਰਡ 6

**ਪਹਿਲਾਂ ਦਾ ਸਰਕਾਰੀ ਅਨੁਭਵ:** ਚੀਫ਼ ਆੱਫ਼ ਸਟਾਫ਼, ਭਾਈਚਾਰੇ ਸਬੰਧੀ ਬੋਰਡ ਮੈਂਬਰ

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਲੋਕਰਾਜੀ



## ਬ੍ਰਾਇਨ ਰੌਬਿਨਸਨ (Brian Robinson)

ਰਿਪਬਲਿਕਨ, ਪੇਰੇਂਟ ਪਾਰਟੀ

**ਮੁੱਖ 3 ਮਸਲੇ:**

1. ਜਨਤਕ ਸੁਰੱਖਿਆ
2. ਬੇਘਰਤਾ
3. ਵਿਦਿਅਕ ਯੋਗਤਾ-ਤੰਤਰ

*"ਮੈਨੂੰ ਲੰਮੇ-ਸਮੇਂ ਤੋਂ ਨਿਊਯਾੱਰਕਰ ਹੋਣ 'ਤੇ ਉਸੀ ਤਰ੍ਹਾਂ ਮਾਣ ਹੈ, ਜਿਵੇਂ ਕਈ ਲੋਕ ਪਰਿਵਾਰ ਪਾਲਦੇ ਹਨ। ਮੈਂ ਇਸ ਸ਼ਹਿਰ ਵਿੱਚ ਜਿਸ ਤਰੀਕੇ ਨਾਲ ਚੀਜ਼ਾਂ ਗ਼ਲਤ ਹੁੰਦੀਆਂ ਵੇਖੀਆਂ ਸੀ ਅਤੇ ਮੈਂ ਉਸ ਖ਼ਿਲਾਫ਼ ਖੜ੍ਹੇ ਹੋਣ ਅਤੇ ਤਬਦੀਲੀ ਲਿਆਉਣ ਦਾ ਫ਼ੈਸਲਾ ਕੀਤਾ ਸੀ। ਪਿਛਲੇ ਕੁਝ ਸਾਲਾਂ ਵਿੱਚ ਸਿਆਸਤਦਾਨਾਂ ਨੇ ਜਿਵੇਂ ਇਸ ਸ਼ਹਿਰ ਨੂੰ ਨੁਕਸਾਨ ਪੁਚਾਇਆ ਹੈ, ਉਸ ਬਾਰੇ ਸਭ ਨੂੰ ਪਤਾ ਹੈ। ਹੁਣ ਉਹ ਸਮਾਂ ਆ ਗਿਆ ਹੈ ਕਿ ਇਸ ਹਾਲਤ ਦਾ ਫਿਰ ਤੋਂ ਡੂੰਘਾਈ ਨਾਲ ਵਿਸ਼ਲੇਸ਼ਣ ਕੀਤਾ ਜਾਏ ਕਿ ਸਾਡੇ ਲਈ ਸਭ ਤੋਂ ਵੱਧ ਕਿਸ ਚੀਜ਼ ਦੀ ਸਭ ਤੋਂ ਵੱਧ ਅਹਿਮੀਅਤ ਹੈ। ਮੇਰੇ ਲਈ, ਇਹ ਸੁਰੱਖਿਆ ਅਤੇ ਲੋਕਾਂ ਦੀ ਭਲਾਈ ਹੈ। ਇਹ ਪਰਿਵਾਰਾਂ ਲਈ ਰਹਿਣਯੋਗ ਹੈ ਅਤੇ ਇਹ ਯਕੀਨੀ ਬਣਾਉਂਦੀ ਹੈ ਕਿ ਸਾਡੇ ਟੈਕਸ ਦੀ ਰਕਮ ਸਾਡੀ ਆਪਣੀ ਭਲਾਈ 'ਤੇ ਖ਼ਰਚ ਕੀਤੀ ਜਾਏ। ਇਹ ਗੱਲ ਪਾਰਟੀ ਬਾਰੇ ਨਹੀਂ ਹੈ। ਇਹ ਇੱਕ ਸਮੇਂ ਇਸ ਮਹਾਨ ਸ਼ਹਿਰ ਦੇ ਭਵਿੱਖ ਬਾਰੇ ਹੈ।"*

**ਮੌਜੂਦਾ ਕੰਮ-ਧੰਦਾ:** ਫ਼ਾਇਨਾਂਸ਼ਿਅਲ ਸੇਵਾਵਾਂ

**ਪਿਛਲਾ ਕੰਮ-ਧੰਦਾ:** ਛੋਟੇ ਕਾਰੋਬਾਰ ਦੇ ਮਾਲਕ

**ਸਿੱਖਿਆ:** ਫਿਲਾਸਫੀ

**ਸੰਸਥਾਗਤ ਸਬੰਧ:** AdL

**ਪਹਿਲਾਂ ਦਾ ਸਰਕਾਰੀ ਅਨੁਭਵ:** ਕੋਈ ਨਹੀਂ

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਰਿਪਬਲਿਕਨ

# ਉਮੀਦਵਾਰ ਦੀ ਤੁਲਨਾ ਕਰਨੀ

**ਜਿੱਥੇ ਉਮੀਦਵਾਰ ਸਮਾਜ ਵਿਚਲੀਆਂ ਸਮੱਸਿਆਵਾਂ ਬਾਰੇ ਤੁਹਾਡੀ ਰਾਇ ਜਾਣਨਾ ਚਾਹੁੰਦੇ ਹਨ, ਜੋ ਤੁਹਾਡੇ ਲਈ ਬਹੁਤ ਅਹਿਮ ਹਨ ਅਤੇ ਫਿਰ ਨਾਲੋਂ-ਨਾਲ ਉਹਨਾਂ ਦੀ ਰਾਇ ਦੀ ਤੁਲਨਾ ਕਰਨ ਵਾਸਤੇ ਸਾਡੀ ਆੱਨਲਾਈਨ ਵੋਟਰ ਗਾਈਡ 'ਤੇ ਜਾਓ।**

**ਇੱਥੇ ਸਕੈਨ ਕਰੋ ਜਾਂ punjabi.nycvotes.org/compare 'ਤੇ ਜਾਓ**

# ਉਮੀਦਵਾਰਾਂ ਦੀ ਤੁਲਨਾ ਕਰਨੀ

ਇਸ ਸਾਲ, ਅਸੀਂ ਉਮੀਦਵਾਰਾਂ ਨੂੰ ਉਹਨਾਂ ਅੱਠ ਮੁੱਦਿਆਂ ਬਾਰੇ ਆਪਣੀ ਸਥਿਤੀ ਸਾਂਝੀ ਕਰਨ ਲਈ ਕਿਹਾ ਸੀ, ਜਿਹਨਾਂ ਬਾਰੇ ਨਿਊਯਾਰਕ ਦੇ ਵਸਨੀਕਾਂ ਨੇ ਕੁਈਨੀਪਿਆਕ ਯੂਨੀਵਰਸਿਟੀ ਦੀਆਂ ਹਾਲੀਆ ਚੋਣ ਵਿੱਚ ਉਹਨਾਂ ਨੂੰ ਸਭ ਤੋਂ ਜ਼ਰੂਰੀ ਦੱਸਿਆ ਸੀ: ਜੁਰਮ, ਮਹਿੰਗਾਈ, ਲੋਕਰਾਜ ਦੀ ਰਾਖੀ ਕਰਨੀ, ਗਰਭਪਾਤ, ਕਿਫ਼ਾਇਤੀ ਰਿਹਾਇਸ਼, ਬੇਘਰਾਪਣ, ਨਸਲੀ ਨਾਬਰਾਬਰੀ ਅਤੇ ਜਲਵਾਯੂ-ਤਬਦੀਲੀ। ਇਹਨਾਂ ਮਸਲਿਆਂ ਬਾਰੇ ਉਮੀਦਵਾਰਾਂ ਦੇ ਜਵਾਬਾਂ ਦੀ ਤੁਲਨਾ ਕਰਨ ਲਈ, **punjabi.nycvotes.org/compare** 'ਤੇ ਜਾਓ।

ਆਪਣੀ ਸਿਟੀ ਕੌਂਸਲ ਡਿਸਟ੍ਰਿਕਟ ਦਾ **findmypollsite.vote.nyc** 'ਤੇ ਪਤਾ ਲਾਓ।

| | **ਕੀਥ ਪਾੱਵਰਸ (Keith Powers)** ✓<br>ਲੋਕਰਾਜੀ | **ਬ੍ਰਾਇਨ ਰੌਬਿਨਸਨ (Brian Robinson)** ✓<br>ਰਿਪਬਲਿਕਨ, ਪੇਰੇਂਟ ਪਾਰਟੀ |
|---|---|---|
| **ਅਪਰਾਧ** | ਇਹ ਜ਼ਰੂਰੀ ਹੈ ਕਿ ਅਸੀਂ ਜਨਤਕ ਸੁਰੱਖਿਆ ਨੂੰ ਮਜ਼ਬੂਤ ਕਰੀਏ, ਮਾਨਸਿਕ ਸਿਹਤ ਮੁੱਦਿਆਂ ਨਾਲ ਨਜਿੱਠੀਏ ਅਤੇ ਕਾਮਯਾਬ ਰੀ-ਐਂਟਰੀ ਪਾੱਲਿਸੀਆਂ ਵਿੱਚ ਪੂੰਜੀ ਲਾਈਏ। ਮੈਂ ਜਨਤਕ ਸੁਰੱਖਿਆ ਨਾਲ ਨਜਿੱਠਣ ਅਤੇ ਗੁਆਂਢਚਾਰੇ ਦੇ ਮਸਲੇ ਹੱਲ ਕਰਨ ਲਈ ਸਥਾਨਕ ਖੇਤਰਾਂ ਨਾਲ ਆਪਣੀ ਭਾਈਵਾਲੀ ਕਰਦੀ ਰਹਾਂਗੀ। | ਮੈਂ ਯਕੀਨੀ ਬਣਾਉਣਾ ਚਾਹੁੰਦਾ ਹਾਂ ਕਿ ਜੁਰਮ ਦੇ ਪੀੜਤਾਂ ਦੇ ਹੱਕਾਂ ਨੂੰ ਤਰਜੀਹ ਦਿੱਤੀ ਜਾਏ, ਨਾ ਕਿ ਮੁਜਰਿਮਾਂ ਦੇ ਹੱਕਾਂ ਨੂੰ। ਮੈਂ NYPD ਦੀ ਹਿਮਾਇਤ ਕਰਾਂਗਾ ਅਤੇ ਆਪਣੇ ਵੋਕ ਡਿਸਟ੍ਰਿਕਟ ਅਟਾੱਰਨੀ ਖ਼ਿਲਾਫ਼ ਖੜ੍ਹਾ ਹੋਵਾਂਗਾ, ਜੋ ਮੁਜਰਮਾਂ ਨੂੰ ਸੜਕਾਂ 'ਤੇ ਘੁੰਮਣ-ਫਿਰਣ ਦੀ ਮੰਜ਼ੂਰੀ ਦਿੰਦੇ ਹਨ, ਜਦਕਿ ਸ਼ਰੀਫ਼ ਲੋਕਾਂ ਨੂੰ ਆਪਣੀ ਸੁਰੱਖਿਆ ਦਾ ਡਰ ਸਤਾਉਂਦਾ ਰਹਿੰਦਾ ਹੈ। |
| **ਮਹਿੰਗਾਈ** | ਜਦੋਂ ਵਧ ਰਹੇ ਖ਼ਰਚਿਆਂ ਅਤੇ ਸਮਰੱਥਾ 'ਤੇ ਅਸਰ ਪੈਣ ਦੀ ਗੱਲ ਆਉਂਦੀ ਹੈ, ਤਾਂ ਸਾਨੂੰ ਨਿਊਯਾਰਕ ਵਾਸੀਆਂ ਅਤੇ ਆਪਣੇ ਛੋਟੇ ਕਾਰੋਬਾਰਾਂ 'ਤੇ ਮਹਿੰਗਾਈ ਦੇ ਅਸਰ ਨੂੰ ਰੋਕਣ ਦੀ ਜ਼ਰੂਰਤ ਹੈ। | ਮੇਰਾ ਮੰਨਣਾ ਹੈ ਕਿ ਮਹਿੰਗਾਈ ਇੱਕ ਗੰਭੀਰ ਮੁੱਦਾ ਹੈ, ਜਿਸਦਾ ਮੁਕਾਬਲਾ ਨਾ ਸਿਰਫ਼ ਸਮਾਜ ਦੇ ਥੋੜ੍ਹੇ ਪੱਛੜੇ ਲੋਕਾਂ ਨੂੰ ਕਰਨਾ ਪੈ ਰਿਹਾ ਹੈ, ਬਲਕਿ ਇਹ ਸਾਨੂੰ ਸਾਰਿਆਂ ਨੂੰ ਦਰਪੇਸ਼ ਹੈ ਅਤੇ ਸਾਨੂੰ ਯਕੀਨੀ ਬਣਾਉਣਾ ਪਏਗਾ ਕਿ ਸਾਰਿਆਂ ਨੂੰ ਉਹਨਾਂ ਦੀਆਂ ਜ਼ਰੂਰਤ ਦੀਆਂ ਚੀਜ਼ਾਂ ਅਤੇ ਸੇਵਾਵਾਂ, ਉਹਨਾਂ ਦੀ ਪਹੁੰਚ ਵਾਲੀ ਕੀਮਤ ਵਿੱਚ ਮਿਲਣ। ਇਹ ਇੱਕ ਗੁਪਤ ਟੈਕਸ ਹੈ, ਜਿਸਦਾ ਮੁਕਾਬਲਾ ਸਾਨੂੰ ਜ਼ਰੂਰ ਕਰਨਾ ਚਾਹੀਦਾ ਹੈ। |
| **ਲੋਕਰਾਜ ਦੀ ਰਾਖੀ ਕਰਨਾ** | ਅਜਿਹੇ ਸਮੇਂ ਜਦੋਂ ਸਾਡੀਆਂ ਲੋਕਰਾਜੀ ਸੰਸਥਾਵਾਂ 'ਤੇ ਦੇਸ਼ ਭਰ ਵਿੱਚ ਹਮਲਾ ਕੀਤਾ ਜਾਂਦਾ ਹੈ, ਸਾਨੂੰ ਇਹ ਯਕੀਨੀ ਬਣਾਉਣਾ ਪਏਗਾ ਕਿ ਅਸੀਂ ਸੁਤੰਤਰ ਅਤੇ ਸੁਰੱਖਿਅਤ ਚੋਣਾਂ ਦੇ ਆਪਣੇ ਹੱਕ ਬਰਕਰਾਰ ਰੱਖਣ ਅਤੇ ਇਸ ਦੀ ਰਾਖੀ ਕਰਨ, ਚੋਣ-ਪ੍ਰਚਾਰ ਲਈ ਪੈਸਿਆਂ ਨਾਲ ਹਿਮਾਇਤ ਕਰਨ ਅਤੇ ਤਾਨਾਸ਼ਾਹੀ ਬਿਆਨਬਾਜ਼ੀ ਦੇ ਖ਼ਿਲਾਫ਼ ਲੜਦੇ ਹਾਂ। | ਗਰਭਪਾਤ ਸੁਰੱਖਿਅਤ, ਕਾਨੂੰਨੀ ਅਤੇ ਬਹੁਤ ਘੱਟ ਹੋਣਾ ਚਾਹੀਦਾ ਹੈ। ਇਸ ਨੂੰ ਨਿਰਪੱਖ ਡੈਮੋਕ੍ਰੈਟ ਪਾੱਲਿਸੀ ਕਿਹਾ ਜਾਂਦਾ ਹੈ ਅਤੇ ਆਪਣੇ ਦਫ਼ਤਰ ਵਿੱਚ ਆਕੇ ਅਸੀਂ ਆਮ-ਸਮਝ ਵਲ ਪਰਤਾਂਗੇ ਅਤੇ ਇਸਦਾ ਸਿਆਸੀਕਰਣ ਕਰਨ ਵਾਲੇ ਕੱਟੜਪੰਥੀਆਂ ਤੋਂ ਚੋਣ ਦੇ ਇਸ ਹੱਕ ਦੀ ਰਾਖੀ ਕਰਾਂਗੇ। ਸਾਨੂੰ ਸਿਆਣਪ-ਭਰਪੂਰ ਮਿਆਦ ਦੀ ਸੀਮਾ ਚਾਹੀਦੀ ਹੈ, ਜਿਸਦੀ ਹਰ ਨਾਗਰਿਕ ਹਿਮਾਇਤ ਕਰਦਾ ਹੈ। |

# ਸਿਟੀ ਕੌਂਸਲ ਡਿਸਟ੍ਰਿਕਟ 5

**ਲੋਕਰਾਜੀ**

- ਜੂਲੀ ਮੈਨਿਨ (Julie Menin)

**ਰਿਪਬਲਿਕਨ**

- ਐਲਿਜ਼ਾਬੈਥ A ਗੌਲੁਸ਼ਿਓ (Elizabeth A Golluscio)

ਜੇ ਇੱਕ ਉਮੀਦਵਾਰ NYC ਦੇ ਮੈਚਿੰਗ ਫੰਡ ਪ੍ਰੋਗਰਾਮ ਵਿੱਚ ਹਿੱਸਾ ਲੈ ਰਿਹਾ ਹੈ, ਤਾਂ ਇਹ ਬੈਜ ਨਜ਼ਰ ਆਏਗਾ, ਜਿਸ ਨਾਲ ਉਮੀਦਵਾਰ ਨਿਊਯਾਰਕ ਦੇ ਵਸਨੀਕਾਂ 'ਤੇ ਭਰੋਸਾ ਕਰਦੇ ਹਨ – ਉਹਨਾਂ ਦੇ ਚੋਣ-ਪ੍ਰਚਾਰ ਲਈ ਫ਼ੰਡਾਂ ਲਈ – ਖ਼ਾਸ ਹਿੱਤਾਂ ਲਈ ਨਹੀਂ। ਪੰਨਾ 45 'ਤੇ ਹੋਰ ਜਾਣੋ।

ਇਸ ਗਾਈਡ ਵਿੱਚ ਉਹ ਸਾਰੇ ਉਮੀਦਵਾਰ ਸ਼ਾਮਿਲ ਹਨ, ਜਿਹਨਾਂ ਦੀ ਇਸਦੀ ਛਪਾਈ ਸਮੇਂ ਵੋਟ-ਪਰਚੀ 'ਤੇ ਹੋਣ ਦੀ ਸੰਭਾਵਨਾ ਸੀ। ਉਮੀਦਵਾਰਾਂ ਦੀ ਸਭ ਤੋਂ ਅਪਡੇਟ ਸੂਚੀ ਵੇਖਣ, ਉਮੀਦਵਾਰ ਦੀਆਂ ਵੀਡੀਓ ਲੱਭਣ ਅਤੇ ਮਸਲੇ ਦੀਆਂ ਸਥਿਤੀਆਂ ਦੀ ਤੁਲਨਾ ਕਰਨ ਲਈ **punjabi.nycvotes.org/candidates** 'ਤੇ ਜਾਓ।



## ਜੂਲੀ ਮੈਨਿਨ (Julie Menin)

ਲੋਕਰਾਜੀ

**ਮੁੱਖ 3 ਮਸਲੇ:**

1. ਸਮਰੱਥਾ ਅਤੇ ਜ਼ਿੰਦਗੀ ਦੀ ਕੁਆਲਿਟੀ
2. ਜਨਤਕ ਸੁਰੱਖਿਆ ਅਤੇ ਸਾਫ਼-ਸਫ਼ਾਈ
3. ਪਬਲਿਕ ਸਕੂਲਾਂ ਅਤੇ ਸਿੱਖਿਆ ਵਿੱਚ ਸੁਧਾਰ ਕਰਨਾ

*"ਮੈਂ ਆਪਣੇ ਭਾਈਚਾਰੇ ਨੂੰ ਨਤੀਜੇ ਦੇਣ ਲਈ ਮਿਹਨਤ ਕੀਤੀ ਹੈ। ਮੇਰੇ ਨੌਂ ਬਿੱਲਾਂ ਨੂੰ ਕਾਨੂੰਨੀ ਰੂਪ ਦੇਕੇ ਦਸਤਖ਼ਤ ਕੀਤੇ ਗਏ ਹਨ, ਇਸ ਵਿੱਚ ਹਸਪਤਾਲਾਂ ਵਲੋਂ ਆਪਣੀਆਂ ਲਾਗਤਾਂ ਦਾ ਖੁਲਾਸਾ ਕਰਨਾ, ਯੂਨੀਵਰਸਲ ਭਾਈਚਾਰੇ ਨੂੰ ਵਧਾਉਣ ਅਤੇ ਬੱਚੇ ਦੀ ਪੈਦਾਇਸ਼ ਸਬੰਧੀ ਹੱਕਾਂ ਨੂੰ ਨੇਮਬੱਧ ਕਰਨਾ ਸ਼ਾਮਿਲ ਹੈ। ਮੈਂ ਸਾਰੇ ਨਿਊਯਾੱਰਕਰਾਂ ਲਈ ਮੁਕਾਬਲਾ ਕਰਨ ਵਾਸਤੇ ਆਪਣੇ ਅਨੁਭਵ ਦੀ ਵਰਤੋਂ ਕਰਾਂਗਾ, ਤਾਂਜੋ ਸਾਡੀ ਇੱਕ ਮਜ਼ਬੂਤ, ਸੁਰੱਖਿਅਤ ਹੋਰ ਵੱਧ ਬਰਾਬਰੀ ਵਾਲੀ ਸਿਟੀ ਹੋਵੇ।"*

**ਮੌਜੂਦਾ ਕੰਮ-ਧੰਦਾ:** ਸਿਟੀ ਕੌਂਸਲ ਮੈਂਬਰ

**ਪਿਛਲਾ ਕੰਮ-ਧੰਦਾ:** ਖਪਤਕਾਰੀ ਮਾਮਲਿਆਂ ਬਾਰੇ ਵਿਭਾਗ ਦੇ NYC ਕਮਿਸ਼ਨਰ, ਮੀਡੀਆ ਅਤੇ ਮਨੋਰੰਜਨ ਦੇ NYC ਕਮਿਸ਼ਨਰ, ਅਟਾੱਰਨੀ, ਛੋਟੇ ਕਾਰੋਬਾਰ ਦੇ ਮਾਲਕ, ਨੌਂਟ-ਫ਼ਾੱਰ-ਪ੍ਰੌਫ਼ਿਟ ਦੇ ਬਾਨੀ and ਸਹਾਇਕ ਪ੍ਰੋਫ਼ੈਸਰ at ਕੋਲੰਬੀਆ ਯੂਨੀਵਰਸਿਟੀ

**ਸਿੱਖਿਆ:** ਕੋਲੰਬੀਆ ਯੂਨੀਵਰਸਿਟੀ, B.A., ਗ੍ਰੇਟ ਡਿਸਟਿੰਕਸ਼ਨ ਨਾਲ; ਨੌਰਥਵੈਸਟਰਨ ਯੂਨੀਵਰਸਿਟੀ ਸਕੂਲ ਆੱਫ਼ ਲਾੱਅ, J.D

**ਸੰਸਥਾਗਤ ਸਬੰਧ:** ਟ੍ਰਸੱਟੀਆਂ ਦਾ ਬੋਰਡ, ਕੋਲੰਬੀਆ ਯੂਨੀਵਰਸਿਟੀ, NYC ਕਿਡਸ ਰਾਈਜ਼ ਦੇ ਫ਼ਾਉਂਡਰ, ਬੋਰਡ ਮੈਂਬਰ 9/11 ਮੈਮੋਰੀਅਲ

**ਪਹਿਲਾਂ ਦਾ ਸਰਕਾਰੀ ਅਨੁਭਵ:** NYC ਮਰਦਮਸ਼ੁਮਾਰੀ ਬਾਰੇ ਡਾਇਰੈਕਟਰ

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਡੈਮੋਕ੍ਰੈਟਿਕ



## ਐਲਿਜ਼ਾਬੈਥ A ਗੌਲੂਸ਼ਿਓ (Elizabeth A Golluscio)

ਰਿਪਬਲਿਕਨ

**ਮੁੱਖ 3 ਮਸਲੇ:**

1. ਜੁਰਮ ਅਤੇ eBike ਦੀ ਅਫ਼ਰਾ-ਤਫ਼ਰੀ ਘਟਾਉਣਾ
2. ਛੋਟੇ ਕਾਰੋਬਾਰ ਬਚਾਉਣੇ ਅਤੇ ਹਿਮਾਇਤ ਕਰਨੀ
3. ਮੈਡੀਕਲ ਫ਼੍ਰੀਡਮ ਨੂੰ ਬਣਾਈ ਰੱਖਣ ਨੂੰ ਯਕੀਨੀ ਬਣਾਉਣਾ

*"ਮੈਂ *ਅਜੇ* ਵੀ NY ਨੂੰ ਪਿਆਰ ਕਰਦੀ ਹਾਂ! ਪਿਛਲੇ ਕੁਝ ਸਾਲਾਂ ਵਿੱਚ ਮਾਹੌਲ ਅਜੀਬੋ-ਗ਼ਰੀਬ ਹੋ ਗਿਆ ਹੈ...ਅਤੇ ਮੈਂ ਆਪਣੀਆਂ ਸੜਕਾਂ ਨੂੰ ਸੁਰੱਖਿਅਤ ਅਤੇ ਸਾਫ਼ ਰੱਖਣ, ਆਪਣੀ ਸਥਾਨਕ ਆਰਥਕਤਾ ਦੀ ਹਿਮਾਇਤ ਕਰਨ, NYC ਏਜੰਸੀਆਂ ਵਿੱਚ ਕੁਸ਼ਲਤਾ ਵਧਾਉਣ ਅਤੇ ਸਰਕਾਰੀ ਦਬਾਅ ਤੋਂ ਆਪਣੀ ਨਿਜੀ ਅਜ਼ਾਦੀ ਦੀ ਰਾਖੀ ਕਰਨ ਲਈ ਆਪਣੀ ਤਕਨਾਲੌਜੀ, ਉੱਦਮਤਾ ਅਤੇ ਕਾਰੋਬਾਰੀ ਮੁਹਾਰਤ ਦਾ ਫ਼ਾਇਦਾ ਚੁੱਕਾਂਗਾ।"*

**ਮੌਜੂਦਾ ਕੰਮ-ਧੰਦਾ:** ਬੇਰੋਜ਼ਗਾਰ

**ਪਿਛਲਾ ਕੰਮ-ਧੰਦਾ:** ਗਾਰਟਨਰ, ਇੰਕ. ਵਿਖੇ ਮੈਨੇਜਿੰਗ ਵਾਈਜ਼ ਪ੍ਰੈਜ਼ੀਡੈਂਟ

**ਸਿੱਖਿਆ:** ਕੌਰਨੈਲ (B.S., ਇੰਜੀਨੀਅਰਿੰਗ) ਅਤੇ MIT (MBA)

**ਸੰਸਥਾਗਤ ਸਬੰਧ:** ਮੈਡੀਕਲ ਫਰੀਡਮ ਅਲਾਇੰਸ

**ਪਹਿਲਾਂ ਦਾ ਸਰਕਾਰੀ ਅਨੁਭਵ:** ਲਾਗੂ ਨਹੀਂ

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਰਿਪਬਲਿਕਨ

# ਉਮੀਦਵਾਰ ਦੇ ਵੀਡੀਓ ਵੇਖੋ

**ਉਮੀਦਵਾਰਾਂ ਬਾਰੇ ਹੋਰ ਜਾਣਨ ਲਈ ਸਾਡੀ ਔਨਲਾਈਨ ਵੋਟਰ ਗਾਈਡ 'ਤੇ ਜਾਓ! ਆਪਣੀ ਵੋਟ-ਪਰਚੀ 'ਤੇ ਉਮੀਦਵਾਰਾਂ ਬਾਰੇ ਜਾਣਨ ਲਈ ਆਪਣਾ ਪਤਾ ਭਰੋ ਅਤੇ ਫਿਰ ਉਮੀਦਵਾਰ ਦੇ ਵੀਡੀਓ ਵੇਖਣ ਲਈ ਉਹਨਾਂ ਦੇ ਪ੍ਰੋਫ਼ਾਈਲ 'ਤੇ ਜਾਓ।**

**ਇੱਥੇ ਸਕੈਨ ਕਰੋ ਜਾਂ nycvotes.org/candidates 'ਤੇ ਜਾਓ**

# ਉਮੀਦਵਾਰਾਂ ਦੀ ਤੁਲਨਾ ਕਰਨੀ

ਇਸ ਸਾਲ, ਅਸੀਂ ਉਮੀਦਵਾਰਾਂ ਨੂੰ ਉਹਨਾਂ ਅੱਠ ਮੁੱਦਿਆਂ ਬਾਰੇ ਆਪਣੀ ਸਥਿਤੀ ਸਾਂਝੀ ਕਰਨ ਲਈ ਕਿਹਾ ਸੀ, ਜਿਹਨਾਂ ਬਾਰੇ ਨਿਊਯਾਰਕ ਦੇ ਵਸਨੀਕਾਂ ਨੇ ਕੁਈਨੀਪਿਆਕ ਯੂਨੀਵਰਸਿਟੀ ਦੀਆਂ ਹਾਲੀਆ ਚੋਣ ਵਿੱਚ ਉਹਨਾਂ ਨੂੰ ਸਭ ਤੋਂ ਜ਼ਰੂਰੀ ਦੱਸਿਆ ਸੀ: ਜੁਰਮ, ਮਹਿੰਗਾਈ, ਲੋਕਰਾਜ ਦੀ ਰਾਖੀ ਕਰਨੀ, ਗਰਭਪਾਤ, ਕਿਫ਼ਾਇਤੀ ਰਿਹਾਇਸ਼, ਬੇਘਰਾਪਣ, ਨਸਲੀ ਨਾਬਰਾਬਰੀ ਅਤੇ ਜਲਵਾਯੂ-ਤਬਦੀਲੀ। ਇਹਨਾਂ ਮਸਲਿਆਂ ਬਾਰੇ ਉਮੀਦਵਾਰਾਂ ਦੇ ਜਵਾਬਾਂ ਦੀ ਤੁਲਨਾ ਕਰਨ ਲਈ, **punjabi.nycvotes.org/compare** 'ਤੇ ਜਾਓ।

ਆਪਣੀ ਸਿਟੀ ਕੌਂਸਲ ਡਿਸਟ੍ਰਿਕਟ ਦਾ **findmypollsite.vote.nyc** 'ਤੇ ਪਤਾ ਲਾਓ।

| | ਜੂਲੀ ਮੈਨਿਨ (Julie Menin) ✓<br>ਲੋਕਰਾਜੀ | ਐਲਿਜ਼ਾਬੈਥ A ਗੌਲੁਸ਼ਿਓ (Elizabeth A Golluscio) ✓<br>ਰਿਪਬਲਿਕਨ |
|---|---|---|
| **ਅਪਰਾਧ** | ਸਾਨੂੰ ਜਨਤਕ ਸੁਰੱਖਿਆ ਦੀ ਅਸਲੀਅਤ ਅਤੇ ਧਾਰਣਾ ਦੋਹਾਂ ਨੂੰ ਬਹਾਲ ਰੱਖਣਾ ਪਏਗਾ। ਪਿਛਲੇ ਸਾਲ ਸਾਡੀ ਡਿਸਟ੍ਰਿਕਟ ਵਿਚਲੇ ਜੁਰਮਾਂ ਵਿੱਚ 20 ਫ਼ੀਸਦ ਤੋਂ ਵੱਧ ਕਮੀ ਆਈ ਹੈ ਅਤੇ ਮੈਂ ਕਾਮਯਾਬੀ ਨਾਲ NYPD ਦੀ ਪੈਦਲ ਗਸ਼ਤ ਵਧਾਉਣ ਵਿੱਚ ਮਦਦ ਕੀਤੀ ਹੈ। ਮੈਂ ਆਪਣੇ ਸ਼ਹਿਰ ਨੂੰ ਸੁਰੱਖਿਅਤ ਰੱਖਣ ਲਈ ਜ਼ੋਰਦਾਰ ਸ੍ਰੋਤਾਂ ਦੀ ਹਿਮਾਇਤ ਕਰਦੀ ਰਹਾਂਗੀ। | ਬੇਰੋਜ਼ਗਾਰੀ, ਮਾਯੂਸੀ ਅਤੇ ਨਸ਼ੇ ਦੀ ਆਦਤ ਕਰਕੇ ਪਿਛਲੇ ਕੁਝ ਸਾਲਾਂ ਵਿੱਚ ਕਾਫ਼ੀ ਵਾਧਾ ਹੋਇਆ ਹੈ। ਆਪਣੀਆਂ ਸੜਕਾਂ ਅਤੇ ਸਬਵੇਅ ਸੁਰੱਖਿਅਤ ਬਣਾਉਣ ਲਈ ਅਸੀਂ NYPD ਦੀ ਮਦਦ ਕਿਵੇਂ ਕਰ ਸਕਦੇ ਹਾਂ, ਬਾਰੇ ਜਾਣਨ ਲਈ ਕਿਰਪਾ ਕਰਕੇ ਪ੍ਰੀਸਿੰਕਟ ਦੀ ਮਹੀਨੇਵਾਰ ਮੀਟਿੰਗ ਵਿੱਚ ਮੇਰੇ ਨਾਲ ਸ਼ਾਮਿਲ ਹੋਵੋ! |
| **ਮਹਿੰਗਾਈ** | ਵਧ ਰਹੀਆਂ ਲਾਗਤਾਂ ਸਾਡੇ ਸ਼ਹਿਰ ਵਿਚਲੇ ਸਮਰੱਥਾ ਦੇ ਸੰਕਟ ਵਿੱਚ ਹਿੱਸਾ ਪਾ ਰਹੀਆਂ ਹਨ। ਮੇਰੀਆਂ ਮੁੱਖ ਤਰਜੀਹਾਂ ਵਿੱਚੋਂ ਇੱਕ ਮੇਰਾ ਬਿੱਲ ਪਾਸ ਕਰਨਾ ਰਿਹਾ ਹੈ, ਜਿਸ ਕਰਕੇ ਹਸਪਤਾਲਾਂ ਨੂੰ ਆਪਣੀਆਂ ਕੀਮਤਾਂ ਦਾ ਖੁਲਾਸਾ ਕਰਨ ਦੀ ਲੋੜ ਕਰਕੇ ਨਿਊਯਾੱਰਕਰਾਂ ਲਈ ਸਿਹਤ-ਸੰਭਾਲ ਲਾਗਤਾਂ ਘਟ ਜਾਣਗੀਆਂ। ਇਹ ਮਹਿੰਗਾਈ ਦੇ ਰਿਕਾੱਰਡ ਬੋਝ ਨੂੰ ਰੋਕਣ ਵਿੱਚ ਮਦਦ ਕਰੇਗਾ। | 2020 ਦੀ ਸ਼ੁਰੂਆਤ ਤੋਂ Fed ਨੇ ਖ਼ਰਬਾਂ ਡਾੱਲਰ ਛਾਪੇ ਹਨ, ਜਿਹਨਾਂ ਵਿੱਚੋਂ ਬਹੁਤਾ ਪੈਸਾ ਉਹਨਾਂ ਅਮੀਰ ਕਾਰੋਬਾਰਾਂ ਕੋਲ ਗਿਆ ਸੀ, ਜਿਹਨਾਂ 'ਤੇ ਤਾਲਾਬੰਦੀ ਨਹੀਂ ਹੋਈ ਸੀ। NYC ਨੇ ਅਰਬਾਂ ਡਾੱਲਰ ਖ਼ਰਚੇ ਸਨ, ਫਿਰ ਵੀ ਸਾਡੇ ਸਕੂਲ ਅਤੇ ਅਹਿਮ ਸੇਵਾਵਾਂ ਬੰਦ ਹੋ ਗਈਆਂ ਸਨ; ਸਾਨੂੰ ਬਿਹਤਰੀਨ ਬਜਟ ਦੇਣ ਵਾਲੀ ਇੱਕ ਸਿਟੀ ਕੌਂਸਲ ਚਾਹੀਦੀ ਹੈ! |
| **ਲੋਕਰਾਜ ਦੀ ਰਾਖੀ ਕਰਨਾ** | 2020 NYC ਮਰਦਮਸ਼ੁਮਾਰੀ ਬਾਰੇ ਡਾਇਰੈਕਟਰ ਵਜੋਂ, ਮੈਨੂੰ ਮਾਣ ਹੈ ਕਿ ਅਸੀਂ ਮਰਦਮਸ਼ੁਮਾਰੀ ਬਾਰੇ ਨਾਗਰਿਕਤਾ ਨਾਲ ਜੁੜੇ ਸੁਆਲ ਬਾਰੇ ਟ੍ਰੰਪ ਪ੍ਰਸ਼ਾਸਨ ਖ਼ਿਲਾਫ਼ ਸੁਪਰੀਮ ਅਦਾਲਤ ਵਿੱਚ ਆਪਣਾ ਮੁਕੱਦਮਾ ਜਿੱਤਿਆ ਸੀ ਅਤੇ ਭਾਈਵਾਲੀ ਵਿੱਚ ਸਾਰੇ ਵੱਡੇ ਸ਼ਹਿਰਾਂ ਵਿੱਚ #1 ਬਣਨ ਵਿੱਚ ਵੀ ਕਾਮਯਾਬ ਰਹੇ ਸੀ, ਜਿਸਦੇ ਨਤੀਜੇ ਵਜੋਂ NYC ਨੂੰ ਅਰਬਾਂ ਡਾੱਲਰ ਮਿਲੇ ਸੀ। | ਗ਼ੁੱਸਾ ਅਤੇ ਬੇਦਿਲੀ ਇੱਕ ਮਜ਼ਬੂਤ, ਤਬਾਹਕੁਨ ਸੁਮੇਲ ਹੈ, ਪਰ ਮੈਂ ਅਜਿਹੇ ਕਈ ਲੋਕਾਂ ਨਾਲ ਗੱਲ ਕੀਤੀ ਹੈ, ਜੋ ਇਸ ਸਮੇਂ ਕਿਸੇ ਵੀ ਸਿਆਸਤਦਾਨ ਨੂੰ ਵੋਟ ਪਾਉਣ ਜਾਂ ਉਸਦੀ ਹਿਮਾਇਤ ਨਹੀਂ ਕਰਨਾ ਚਾਹੁੰਦੇ। ਮੈਂ ਇਹ ਯਕੀਨੀ ਬਣਾਉਣ ਲਈ ਹਰ ਸੰਭਵ ਕੋਸ਼ਿਸ਼ ਕਰ ਸਕਦੀ ਹਾਂ ਕਿ ਨਿਊਯਾੱਰਕਰ ਵੋਟ ਪਾਉਣਾ ਚਾਹੁੰਦੇ ਹਨ, ਉਹਨਾਂ ਨੂੰ ਇੰਜ ਕਰਨ ਵਿੱਚ ਅਸਾਨੀ ਹੋਵੇ ਅਤੇ ਉਹਨਾਂ ਦੀ ਵੋਟਾਂ ਦੀ ਗਿਣਤੀ ਨਿਰਪੱਖ ਤਰੀਕੇ ਨਾਲ ਕੀਤੀ ਜਾਂਦੀ ਹੈ। |

# ਫ਼ਾੱਲੋ ਕਰੋ NYC Votes

ਸਾਰੀਆਂ ਹਾਲੀਆ ਚੋਣ ਅਪਡੇਟਸ ਲਈ,
ਤੁਸੀਂ NYC Votes ਫ਼ਾੱਲੋ ਕਰ ਸਕਦੇ ਹੋ

**@nycvotes**

# ਸਿਟੀ ਕੌਂਸਲ ਡਿਸਟ੍ਰਿਕਟ 6

**ਲੋਕਰਾਜੀ**

- ਗੇਲ ਬ੍ਰਿਊਰ (Gale Brewer)

**ਰਿਪਬਲਿਕਨ, ਆਰਟਸ ਐਂਡ ਕਲਚਰ, ਕਲੀਨ ਅਪ NY**

- ਡਿਆਨੇ ਡੀ ਸਟੈਸੀਓ (Diane di Stasio)

**ਮੈਡੀਕਲ ਫਰੀਡਮ**

- ਬਾਰਬਰਾ ਸਿੰਪਸਨ (Barbara Simpson)*

ਜੇ ਇੱਕ ਉਮੀਦਵਾਰ NYC ਦੇ ਮੈਚਿੰਗ ਫੰਡ ਪ੍ਰੋਗਰਾਮ ਵਿੱਚ ਹਿੱਸਾ ਲੈ ਰਿਹਾ ਹੈ, ਤਾਂ ਇਹ ਬੈਜ ਨਜ਼ਰ ਆਏਗਾ, ਜਿਸ ਨਾਲ ਉਮੀਦਵਾਰ ਨਿਊਯਾਰਕ ਦੇ ਵਸਨੀਕਾਂ 'ਤੇ ਭਰੋਸਾ ਕਰਦੇ ਹਨ – ਉਹਨਾਂ ਦੇ ਚੋਣ-ਪ੍ਰਚਾਰ ਲਈ ਫ਼ੰਡਾਂ ਲਈ – ਖ਼ਾਸ ਹਿੱਤਾਂ ਲਈ ਨਹੀਂ। ਪੰਨਾ 45 'ਤੇ ਹੋਰ ਜਾਣੋ।

ਇਸ ਗਾਈਡ ਵਿੱਚ ਉਹ ਸਾਰੇ ਉਮੀਦਵਾਰ ਸ਼ਾਮਿਲ ਹਨ, ਜਿਹਨਾਂ ਦੀ ਇਸਦੀ ਛਪਾਈ ਸਮੇਂ ਵੋਟ-ਪਰਚੀ 'ਤੇ ਹੋਣ ਦੀ ਸੰਭਾਵਨਾ ਸੀ। ਉਮੀਦਵਾਰਾਂ ਦੀ ਸਭ ਤੋਂ ਅਪਡੇਟ ਸੂਚੀ ਵੇਖਣ, ਉਮੀਦਵਾਰ ਦੀਆਂ ਵੀਡੀਓ ਲੱਭਣ ਅਤੇ ਮਸਲੇ ਦੀਆਂ ਸਥਿਤੀਆਂ ਦੀ ਤੁਲਨਾ ਕਰਨ ਲਈ **punjabi.nycvotes.org/candidates** 'ਤੇ ਜਾਓ।

* ਉਮੀਦਵਾਰ ਨੇ ਇਸ ਛਪੀ ਹੋਈ ਵੋਟਰ ਗਾਈਡ ਵਿੱਚ ਸ਼ਾਮਿਲ ਹੋਣ ਲਈ ਸਮੇਂ-ਸਿਰ ਮੁਕੰਮਲ ਪ੍ਰੋਫ਼ਾਈਲ ਸਬਮਿਟ ਨਹੀਂ ਕੀਤਾ।

---



## ਗੇਲ ਬ੍ਰਿਊਰ (Gale Brewer)

ਲੋਕਰਾਜੀ

**ਮੁੱਖ 3 ਮਸਲੇ:**

1. ਸਾਰਿਆਂ ਲਈ ਜਨਤਕ ਸੁਰੱਖਿਆ ਬਾਰੇ ਨਿਰਪੱਖਤਾ
2. ਸੰਭਾਲ ਕਰਨੀ ਅਤੇ ਕਿਫ਼ਾਇਤੀ ਰਿਹਾਇਸ਼ ਉਸਾਰਣੀ
3. ਸਕੂਲ ਦੀ ਉੱਤਮਤਾ; ਪਾਲਣ ਕਰਨ ਲਈ ਨੌਕਰੀਆਂ

*"ਜਾਣਕਾਰੀ: ਬਜਟ, ਜ਼ਮੀਨ ਦੀ ਵਰਤੋਂ, ਸਕੂਲ, ਪੁਲਿਸ ਭਾਈਚਾਰਕ ਸਬੰਧ, ਪੈਦਲ ਚੱਲਣ ਵਾਲਿਆਂ ਦੀ ਸੁਰੱਖਿਆ, ਕਿਫ਼ਾਇਤੀ ਰਿਹਾਇਸ਼, ਇਤਿਹਾਸਕ ਸੰਭਾਲ, ਵਾਤਾਵਰਣ ਸਬੰਧੀ ਨਿਆ, ਪਾਰਕਾਂ, ਉਮਰ ਅਨੁਸਾਰ ਢੁਕਵੀਂ, ਆਰਟਸ, ਸਿਵਿਕ ਡਾਟਾ, ਇੰਟਰਨਸ਼ਿਪ, LGBTQ ਦੇ ਹੱਕ, ਯੂਨੀਅਨਾਂ/ਉਸਾਰੀ ਬਾਰੇ ਸੁਰੱਖਿਆ, ਬਾਈਕ/ਬੱਸ ਲੇਨਸ। ਨਫ਼ਰਤ/ਪੱਖਪਾਤ ਦੀਆਂ ਕਾਰਵਾਈਆਂ ਦਾ ਵਿਰੋਧ ਕਰਨਾ"*

**ਮੌਜੂਦਾ ਕੰਮ-ਧੰਦਾ:** ਕੌਂਸਲ ਮੈਂਬਰ ਚੇਅਰਪਰਸਨ ਨਿਗਰਾਨੀ ਅਤੇ ਪੜਤਾਲਾਂ

**ਪਿਛਲਾ ਕੰਮ-ਧੰਦਾ:** ਮੈਨਹਟਨ ਬਰੋ ਦਾ ਪ੍ਰਧਾਨ (MBP) 2014-2021; ਕੌਂਸਲ ਮੈਂਬਰ 2002-2013 (ਚੇਅਰਪਰਸਨ ਟੈਕ, ਜਨਰਲ ਵੈਲ, ਸਰਕਾਰੀ ਕਾਰਜ); ਬਿਨਾ ਮੁਨਾਫ਼ੇ ਵਾਲਾ ਪ੍ਰੋਜੈਕਟ/CUNY; ਟੈਲੀਸਿਸ ਕਾਰਪੋਰੇਸ਼ਨ; ਵਿਭਾਗ ਦੇ ਸਰਕਾਰੀ ਵਕੀਲ; ਮੇਅਰ ਦਾ ਫ਼ੈਡਰਲ ਦਫ਼ਤਰ; ਔਰਤਾਂ ਦੀ ਸਥਿਤੀ ਬਾਰੇ NYC ਕਮਿਸ਼ਨ; ਕੌਂਸਲ ਮੈਂਬਰ ਮੈਸਿੰਜਰ ਦਾ ਦਫ਼ਤਰ; ਲੈਫ਼ਟੀਨੈਂਟ ਗਵਰਨਰ ਦਾ ਦਫ਼ਤਰ; ਸਹਾਇਕ ਪ੍ਰੋਫ਼ੈਸਰ ਹੰਟਰ; ਬਾਰੂਕ, ਮਰਫੀ ਇੰਸਟੀਟਿਊਸ਼ਨ, ਬਰਨਾਰਡ

**ਸਿੱਖਿਆ:** MPA, ਕੈਨੇਡੀ Sch, ਹਾਰਵਰਡ; BA, ਕੋਲੰਬੀਆ; ਬੈਨਿੰਗਟਨ

**ਸੰਸਥਾਗਤ ਸਬੰਧ:** ਸ਼ਹਿਰਾਂ ਦੀ ਨੈਸ਼ਨਲ ਲੀਗ; BIDs; ਐਲੀਨੋਰ ਦੀ ਵਿਰਾਸਤ

**ਪਹਿਲਾਂ ਦਾ ਸਰਕਾਰੀ ਅਨੁਭਵ:** Com Bd 7; BD ਮੈਂਬਰ/ਬਿਨਾ ਮੁਨਾਫ਼ਾ; NYSNWPC; ਕੌਂਸਲ; MBP

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਡੈਮੋਕ੍ਰੇਟਿਕ



## ਡਿਆਨੇ ਡੀ ਸਟੈਸੀਓ (Diane di Stasio)

ਰਿਪਬਲਿਕਨ, ਆਰਟਸ ਐਂਡ ਕਲਚਰ, ਕਲੀਨ ਅਪ NY

**ਮੁੱਖ 3 ਮਸਲੇ:**

1. ਜਨਤਕ ਸੁਰੱਖਿਆ ਨੂੰ ਬਹਾਲ ਕਰਨਾ ਬਹੁਤ ਜ਼ਰੂਰੀ ਹੈ।
2. ਨਿਊਯਾੱਰਕ ਨੂੰ ਹੋਰ ਕਿਫ਼ਾਇਤੀ ਬਣਾਉਣਾ।
3. ਯਕੀਨੀ ਬਣਾਉਣਾ ਕਿ ਵਿਦਿਆਰਥੀ ਹਮੇਸ਼ਾ ਪਹਿਲਾਂ ਆਉਂਦੇ ਹਨ।

*"ਮੈਂ NEC ਅੱਫ਼ ਮਿਊਜ਼ਿਕ ਦੀ ਗ੍ਰੈਜੂਏਟ ਅਤੇ ਪਹਿਲੀ ਪੀੜ੍ਹੀ ਦੀ ਧੀ ਹਾਂ। ਇਟੈਲੀਅਨ ਪ੍ਰਵਾਸੀ। ਮੈਂ ਕਾਰਨੇਗੀ ਹਾੱਲ ਵਿੱਚ ਪੇਸ਼ਕਾਰੀ ਦਿੱਤੀ ਹੈ, ਐਮੀ ਜਿੱਤਿਆ, ਮਹਾਨ ਰੇਅ ਚਾਰਲਸ (Ray Charles) ਨਾਲ ਮਿਲਵਰਤਨ ਕੀਤੀ ਹੈ, ਅਤੇ ਪਿਛਲੇ 10 ਸਾਲ ਐਲੀਸਨ ਬੈਲੇ ਫ਼ਾਊਂਡੇਸ਼ਨ ਲਈ ਮੈਨੇਜਿੰਗ ਡਾਇਰੈਕਟਰ ਵਜੋਂ ਸੇਵਾ ਦਿੱਤੀ ਹੈ। ਪਰ ਮੇਰੀ ਹੁਣ ਤੱਕ ਦੀ ਸਭ ਤੋਂ ਵੱਡੀ ਪ੍ਰਾਪਤੀ ਮਾਂ ਬਣਨਾ ਹੈ। ਇਕੱਲੀ ਕੰਮਕਾਜੀ ਮਾਂ ਵਜੋਂ, ਮੈਂ ਜੁਰਮ, ਕੂੜੇ-ਕਚਰੇ ਅਤੇ ਵਧ ਰਹੀਆਂ ਲਾਗਤਾਂ ਨੂੰ ਆਪਣੀ ਰੋਜ਼ ਦੀ ਜ਼ਿੰਦਗੀ ਵਿੱਚ ਵਾਪਸ ਆਉਂਦਿਆਂ ਵੇਖਿਆ ਹੈ। ਇਹ ਉਹ NYC ਨਹੀਂ ਹੈ, ਜਿਸ 'ਤੇ ਮੈਂ ਫ਼ਿਦਾ ਹੋਈ ਸੀ ਅਤੇ ਇਹ ਉਹ NYC ਨਹੀਂ ਹੈ, ਜਿਸ ਵਿੱਚ ਮੈਂ ਆਪਣੀ ਧੀ ਜਾਂ ਦੋਹਤਰੀਆਂ ਨੂੰ ਵੱਡਿਆਂ ਹੁੰਦਿਆਂ ਵੇਖਣਾ ਚਾਹੁੰਦੀ ਹਾਂ। ਸਾਨੂੰ ਨਵੇਂ ਲੀਡਰਾਂ ਦੀ ਲੋੜ ਹੈ, ਜੋ ਜਨਤਕ ਸੁਰੱਖਿਆ ਬਹਾਲ ਕਰ ਸਕਣ, ਪਬਲਿਕ ਸਿੱਖਿਆ ਬਿਹਤਰ ਬਣਾ ਸਕਣ ਅਤੇ ਕੰਮ ਕਰਨ ਵਾਲੇ ਹਰ ਨਿਊਯਾੱਰਕਰ ਲਈ ਜ਼ਿੰਦਗੀ ਨੂੰ ਹੋਰ ਕਿਫ਼ਾਇਤੀ ਬਣਾ ਸਕਣ।"*

**ਮੌਜੂਦਾ ਕੰਮ-ਧੰਦਾ:** EBF ਮੈਨੇਜਿੰਗ ਡਾਇਰੈਕਟਰ

**ਪਿਛਲਾ ਕੰਮ-ਧੰਦਾ:** ਕਲਾਕਾਰ

**ਸਿੱਖਿਆ:** NEC; ਪੈਨ ਸਟੇਟ

**ਸੰਸਥਾਗਤ ਸਬੰਧ:** AGMA; AEA; ਵੈਸਟਸਾਈਡ ਭਾਈਚਾਰਕ ਸੰਸਥਾ

**ਪਹਿਲਾਂ ਦਾ ਸਰਕਾਰੀ ਅਨੁਭਵ:** ਲਾਗੂ ਨਹੀਂ

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਰਿਪਬਲਿਕਨ

# ਚੋਣ ਅਲਰਟ ਪ੍ਰਾਪਤ ਕਰੋ

**ਟੈਕਸਟ ਜਾਂ ਈਮੇਲ ਕਰਕੇ ਚੋਣ ਅਲਰਟ ਲਈ ਸਾਈਨ ਅਪ ਕਰੋ! ਮੁੱਖ ਅੰਤਮ-ਤਾਰੀਖ਼ਾਂ ਅਤੇ ਵੋਟ ਕਦੋਂ ਪਾਓ, ਬਾਰੇ ਚੌਕਸ ਰਹੋ।**

**ਇੱਥੇ ਸਕੈਨ ਕਰੋ ਜਾਂ nycvotes.org/stay-informed 'ਤੇ ਜਾਓ**

# ਉਮੀਦਵਾਰਾਂ ਦੀ ਤੁਲਨਾ ਕਰਨੀ

ਇਸ ਸਾਲ, ਅਸੀਂ ਉਮੀਦਵਾਰਾਂ ਨੂੰ ਉਹਨਾਂ ਅੱਠ ਮੁੱਦਿਆਂ ਬਾਰੇ ਆਪਣੀ ਸਥਿਤੀ ਸਾਂਝੀ ਕਰਨ ਲਈ ਕਿਹਾ ਸੀ, ਜਿਹਨਾਂ ਬਾਰੇ ਨਿਊਯਾਰਕ ਦੇ ਵਸਨੀਕਾਂ ਨੇ ਕੁਈਨੀਪਿਆਕ ਯੂਨੀਵਰਸਿਟੀ ਦੀਆਂ ਹਾਲੀਆ ਚੋਣ ਵਿੱਚ ਉਹਨਾਂ ਨੂੰ ਸਭ ਤੋਂ ਜ਼ਰੂਰੀ ਦੱਸਿਆ ਸੀ: ਜੁਰਮ, ਮਹਿੰਗਾਈ, ਲੋਕਰਾਜ ਦੀ ਰਾਖੀ ਕਰਨੀ, ਗਰਭਪਾਤ, ਕਿਫ਼ਾਇਤੀ ਰਿਹਾਇਸ਼, ਬੇਘਰਾਪਣ, ਨਸਲੀ ਨਾਬਰਾਬਰੀ ਅਤੇ ਜਲਵਾਯੂ-ਤਬਦੀਲੀ। ਇਹਨਾਂ ਮਸਲਿਆਂ ਬਾਰੇ ਉਮੀਦਵਾਰਾਂ ਦੇ ਜਵਾਬਾਂ ਦੀ ਤੁਲਨਾ ਕਰਨ ਲਈ, **punjabi.nycvotes.org/compare** 'ਤੇ ਜਾਓ।

ਆਪਣੀ ਸਿਟੀ ਕੌਂਸਲ ਡਿਸਟ੍ਰਿਕਟ ਦਾ **findmypollsite.vote.nyc** 'ਤੇ ਪਤਾ ਲਾਓ।

| | **ਗੇਲ ਬ੍ਰਿਊਰ (Gale Brewer)** ✓<br>ਲੋਕਰਾਜੀ | **ਡਿਆਨੇ ਡੀ ਸਟੈਸੀਓ (Diane di Stasio)** ✓<br>ਰਿਪਬਲਿਕਨ, ਆਰਟਸ ਐਂਡ ਕਲਚਰ, ਕਲੀਨ ਅਪ NY |
|---|---|---|
| **ਅਪਰਾਧ** | ਜੁਰਮ ਘਟਾਉਣ ਲਈ, NYPD ਨੂੰ ਭਾਈਚਾਰਿਆਂ ਨਾਲ ਕੰਮ ਕਰਨ ਲਈ ਹੋਰ ਮਜ਼ਬੂਤ ਅਤੇ ਵਿਹਾਰਕ ਰਣਨੀਤੀ ਤਿਆਰ ਕਰਨ ਦੀ ਲੋੜ ਹੈ। ਇਸ ਤੋਂ ਅਲਾਵਾ, ਲੋਕਾਂ ਨੂੰ ਉਹਨਾਂ ਦੇ ਕੰਮਾਂ ਲਈ ਜਵਾਬਦੇਹ ਠਹਿਰਾਉਣਾ ਚਾਹੀਦਾ ਹੈ। | ਸਾਡੀਆਂ ਸੜਕਾਂ, ਸਾਡੇ ਸਕੂਲਾਂ, ਸਾਡੀਆਂ ਪਾਰਕਾਂ ਅਤੇ ਸਾਡੇ ਭਾਈਚਾਰਿਆਂ ਨੂੰ ਸੁਰੱਖਿਅਤ, ਸਾਫ਼-ਸੁਥਰੇ ਅਤੇ ਵੱਧ ਪਹੁੰਚਯੋਗ ਬਣਾਉਣ ਦੀ ਲੋੜ ਹੈ। ਮਹਾਮਾਰੀ ਤੋਂ ਬਾਅਦ, ਅਸੀਂ ਪੂਰੇ ਸ਼ਹਿਰ ਵਿਚ ਨਜ਼ਰ ਆਉਣ ਵਾਲੇ ਹਿੰਸਕ ਜੁਰਮਾਂ ਵਿੱਚ 15% ਵਾਧਾ ਵੇਖਿਆ ਹੈ। ਕਾਨੂੰਨ ਲਾਗੂ ਕਰਨ ਵਾਲਿਆਂ ਲਈ ਇਹ ਸਮਾਂ ਆਪਣੇ ਕੰਮ ਸਿਰੇ ਚਾੜ੍ਹਣ ਲਈ ਲੋੜੀਂਦੇ ਸਾਧਨ ਅਤੇ ਸਿਖਲਾਈ ਦੇਣ ਦਾ ਹੈ। |
| **ਮਹਿੰਗਾਈ** | NYC ਨੂੰ ਸਰਕਾਰੀ ਮਦਦ ਨਾਲ ਰਿਹਾਇਸ਼ ਅਤੇ ਭੋਜਨ ਅਸੁਰੱਖਿਆ ਦੀ ਵਧੀ ਹੋਈ ਲਾਗਤ ਨਾਲ ਨਜਿੱਠਣਾ ਚਾਹੀਦਾ ਹੈ। ਅਪਾਰਟਮੈਂਟਸ ਨੂੰ ਬਜ਼ਾਰ ਤੋਂ ਦੂਰ ਰੱਖਣ ਨਾਲ ਸਪਲਾਈ ਸੀਮਤ ਹੋ ਜਾਂਦੀ ਹੈ ਅਤੇ ਕੀਮਤਾਂ ਵਧ ਜਾਂਦੀਆਂ ਹਨ। ਇਸਨੂੰ ਜ਼ਰੂਰ ਰੋਕਣਾ ਚਾਹੀਦਾ ਹੈ। ਕਾਰਪੋਰੇਸ਼ਨਾਂ ਕੋਲ ਪੈਸੇ ਦੀ ਕੋਈ ਕਮੀ ਨਹੀਂ ਹੈ, ਤਾਂ ਵੀ ਉਹ ਕੀਮਤਾਂ ਕਿਉਂ ਵਧਾ ਰਹੇ ਹਨ? ਇਸ ਕਰਕੇ ਕਿਉਂਕਿ ਉਹ ਕਰ ਸਕਦੀਆਂ ਹਨ। ਮਾਰਕਅੱਪ ਵਾਧਾ ਮਹਿੰਗਾਈ ਵਿੱਚ ਹਿੱਸਾ ਪਾਉਂਦਾ ਹੈ। | ਕੋਵਿਡ-19 ਨੇ ਅੰਤਰਰਾਸ਼ਟਰੀ ਉਤਪਾਦਨ ਅਤੇ ਸਪਲਾਈ ਸਿਲਸਿਲਿਆਂ 'ਤੇ ਕਹਿਰ ਢਾਹਿਆ ਹੈ। ਇਸ ਕਰਕੇ ਕੁਝ ਚੀਜ਼ਾਂ ਦੀ ਸਾਨੂੰ ਬਹੁਤ ਜ਼ਿਆਦਾ ਲੋੜ ਹੈ। ਜੋਨਸ ਕਾਨੂੰਨ ਵਰਗੇ ਪੁਰਾਣੇ ਆਰਥਿਕ ਅੜਿੱਕਿਆਂ ਰੱਦ ਕਰੋ ਕਰਨ ਲਈ ਕੰਮ ਕਰਨਾ, ਜਦਕਿ ਮਹਿੰਗਾਈ ਘਟਾਉਣ ਵਾਸਤੇ ਤਬਾਹਕੁਨ ਵਪਾਰਕ ਮਹਿਸੂਲ ਖ਼ਤਮ ਕਰਨ ਲਈ ਜੂਝਣਾ ਇੱਕੋ ਇੱਕ ਤਰੀਕਾ ਹੈ। |
| **ਲੋਕਰਾਜ ਦੀ ਰਾਖੀ ਕਰਨਾ** | ਵੋਟਰ ਦੀ ਪਹੁੰਚ ਵਧਾਉਣੀ ਅਤੇ ਰਾਖੀ ਕਰਨੀ। ਚੋਣ ਬੋਰਡ ਦੇ ਵੋਟ-ਪਰਚੀ 'ਤੇ ਨਿਸ਼ਾਨ ਲਾਉਣ ਵਾਲੇ ਉਪਕਰਣ ਦੀ ਨਿਗਰਾਨੀ ਕਰਨੀ, ਜੋ ਕਿ ਲਚੀਲਾ ਹੋਣਾ ਚਾਹੀਦਾ ਹੈ, ਤਾਂਜੋ ਸਾਰੇ ਹਿੱਸੇ ਕੰਮ ਕਰ ਸਕਣ। NYC ਨੂੰ ਸਰਕਾਰੀ ਸਪਸ਼ਟਤਾ ਵਿੱਚ ਆਗੂ ਬਣੇ ਰਹਿਣਾ ਚਾਹੀਦਾ ਹੈ, ਇਸ ਲਈ ਪੜਤਾਲੀਆ ਵਿਭਾਗ ਅਤੇ ਨਿਗਰਾਨੀ ਕਰਨ ਵਾਲੀਆਂ ਏਜੰਸੀਆਂ ਨੂੰ ਪੂਰੀਆਂ ਰਕਮਾਂ ਜ਼ਰੂਰ ਦੇਣੀਆਂ ਚਾਹੀਦੀਆਂ ਹਨ। ਬੋਲਣ ਲਈ ਪ੍ਰੇਰੋ। | ਆਪਣੇ ਲੋਕਰਾਜ ਨੂੰ ਬਚਾਉਣ ਦਾ ਬਿਹਤਰੀਨ ਤਰੀਕਾ ਇਹ ਯਕੀਨੀ ਬਣਾਉਣਾ ਹੈ ਕਿ ਨਿਊਯਾੱਰਕ ਦੇ ਹਰ ਵਸਨੀਕ ਨੂੰ ਵੋਟ ਪਰਚੀਆਂ ਵਾਲੇ ਡੱਬੇ ਤੱਕ ਫ਼ੌਰੀ ਅਤੇ ਅਸਾਨ ਪਹੁੰਚ ਮਿਲੇ। ਗੈਰ-ਹਾਜ਼ਰ ਅਤੇ ਅਗਾਊਂ ਵੋਟਿੰਗ ਦਾ ਪਸਾਰ ਕਰਨਾ ਚਾਹੀਦਾ ਹੈ, ਸਾਰੀਆਂ ਵੋਟਿੰਗ ਸਹੂਲਤਾਂ ADA ਦੇ ਅਨੁਕੂਲ ਹੋਣੀਆਂ ਚਾਹੀਦੀਆਂ ਹਨ, ਅਤੇ ਸਾਡੇ ਸਰਟੀਫ਼ਿਕੇਸ਼ਨ ਦੇ ਅਮਲ ਨੂੰ ਸਰਲ ਅਤੇ ਕਾਰਗਰ ਬਣਾਇਆ ਜਾਣਾ ਚਾਹੀਦਾ ਹੈ। |

## ਬਾਰਬਰਾ ਸਿੰਪਸਨ (Barbara Simpson)*

ਮੈਡੀਕਲ ਫ੍ਰੀਡਮ

ਉਮੀਦਵਾਰ ਨੇ ਇਸ ਸੁਆਲ ਦਾ ਜਵਾਬ ਸਬਮਿਟ ਨਹੀਂ ਕੀਤਾ।

ਉਮੀਦਵਾਰ ਨੇ ਇਸ ਸੁਆਲ ਦਾ ਜਵਾਬ ਸਬਮਿਟ ਨਹੀਂ ਕੀਤਾ।

ਉਮੀਦਵਾਰ ਨੇ ਇਸ ਸੁਆਲ ਦਾ ਜਵਾਬ ਸਬਮਿਟ ਨਹੀਂ ਕੀਤਾ।

# ਆਪਣੀ ਵੋਟ-ਪਰਚੀ ਦਾ ਪਲਾਨ ਬਣਾਓ

**ਕੀ ਤੁਸੀਂ ਆਪਣੇ ਉਮੀਦਵਾਰਾਂ ਦੀ ਚੋਣ ਕਰਨੀ ਬੰਦ ਕਰ ਦਿੱਤੀ ਹੈ? ਆਪਣੀ ਵੋਟਾਂ ਪੈਣ ਦੀ ਥਾਂ 'ਤੇ ਆਪਣੇ ਨਾਲ ਆਪਣੀਆਂ ਤਸਵੀਰਾਂ ਲਿਜਾਣ ਲਈ ਸੇਵ ਕਰੋ!**

**ਇੱਥੇ ਸਕੈਨ ਕਰੋ ਜਾਂ nycvotes.org/plan-your-ballot 'ਤੇ ਜਾਓ**

# ਸਿਟੀ ਕੌਂਸਲ ਡਿਸਟ੍ਰਿਕਟ 7

**ਲੋਕਰਾਜੀ**

- ਸ਼ਾਓਨ ਐਬ੍ਰਿਉ (Shaun Abreu)

ਜੇ ਇੱਕ ਉਮੀਦਵਾਰ NYC ਦੇ ਮੈਚਿੰਗ ਫੰਡ ਪ੍ਰੋਗਰਾਮ ਵਿੱਚ ਹਿੱਸਾ ਲੈ ਰਿਹਾ ਹੈ, ਤਾਂ ਇਹ ਬੈਜ ਨਜ਼ਰ ਆਏਗਾ, ਜਿਸ ਨਾਲ ਉਮੀਦਵਾਰ ਨਿਊਯਾਰਕ ਦੇ ਵਸਨੀਕਾਂ 'ਤੇ ਭਰੋਸਾ ਕਰਦੇ ਹਨ – ਉਹਨਾਂ ਦੇ ਚੋਣ-ਪ੍ਰਚਾਰ ਲਈ ਫ਼ੰਡਾਂ ਲਈ – ਖ਼ਾਸ ਹਿੱਤਾਂ ਲਈ ਨਹੀਂ। ਪੰਨਾ 45 'ਤੇ ਹੋਰ ਜਾਣੋ।

ਇਸ ਗਾਈਡ ਵਿੱਚ ਉਹ ਸਾਰੇ ਉਮੀਦਵਾਰ ਸ਼ਾਮਿਲ ਹਨ, ਜਿਹਨਾਂ ਦੀ ਇਸਦੀ ਛਪਾਈ ਸਮੇਂ ਵੋਟ-ਪਰਚੀ 'ਤੇ ਹੋਣ ਦੀ ਸੰਭਾਵਨਾ ਸੀ। ਉਮੀਦਵਾਰਾਂ ਦੀ ਸਭ ਤੋਂ ਅਪਡੇਟ ਸੂਚੀ ਵੇਖਣ, ਉਮੀਦਵਾਰ ਦੀਆਂ ਵੀਡੀਓ ਲੱਭਣ ਅਤੇ ਮਸਲੇ ਦੀਆਂ ਸਥਿਤੀਆਂ ਦੀ ਤੁਲਨਾ ਕਰਨ ਲਈ **punjabi.nycvotes.org/candidates** 'ਤੇ ਜਾਓ।

---



## ਸ਼ਾਓਨ ਐਬ੍ਰਿਉ (Shaun Abreu)

ਲੋਕਰਾਜੀ

**ਮੁੱਖ 3 ਮਸਲੇ:**

1. ਕਿਫਾਇਤੀ ਰਿਹਾਇਸ਼ ਤੱਕ ਪਹੁੰਚ ਦਾ ਵਿਸਥਾਰ ਕਰਨਾ।
2. ਚੂਹਿਆਂ, ਰੱਦੀ, ਅਤੇ ਪੈੜ ਨਾਲ ਨਜਿੱਠਣਾ।
3. ਸਕੂਲਾਂ ਅਤੇ ਕਾਨੂੰਨੀ ਸੇਵਾਵਾਂ ਲਈ ਫੰਡਿੰਗ।

*"ਮੈਂ ਉਸ ਥਾਂ ਦੀ ਨੁਮਾਇੰਦਗੀ ਕਰਦੇ ਰਹਿਣ ਲਈ ਫਿਰ ਤੋਂ ਚੋਣ ਲੜ ਰਿਹਾ ਹਾਂ, ਜਿਸਨੂੰ ਮੈਂ ਜਾਣਦਾ ਹਾਂ ਅਤੇ ਆਪਣੀ ਸਾਰੀ ਉਮਰ ਉਸ ਨਾਲ ਪਿਆਰ ਕੀਤਾ ਹੈ। ਮੇਰੀ ਪਰਵਰਿਸ਼ ਵੈਸਟ ਸਾਈਡ ਅਤੇ ਵਾੱਸ਼ਿੰਗਟਨ ਹਾਈਟਸ ਵਿੱਚ ਹੋਈ ਹੈ ਅਤੇ ਮੈਂ ਕਿਰਾਏਦਾਰਾਂ ਦੇ ਹੱਕਾਂ ਬਾਰੇ ਵਕੀਲ ਦੇ ਤੌਰ 'ਤੇ ਆਪਣੇ ਭਾਈਚਾਰਿਆਂ ਦਾ ਬਚਾਅ ਕਰਦਿਆਂ ਆਪਣਾ ਕੈਰੀਅਰ ਬਣਾਇਆ ਹੈ। ਟੀ ਕੌਂਸਲ ਵਿੱਚ ਸ਼ਾਮਿਲ ਹੋਣ ਤੋਂ ਬਾਅਦ, ਮੈਂ ਕਿਫ਼ਾਇਤੀ ਰਿਹਾਇਸ਼, ਬੰਦੂਕ ਨਾਲ ਹੋਣ ਵਾਲੀ ਹਿੰਸਾ ਦੀ ਰੋਕਥਾਮ, ਆਪਣੀਆਂ ਹਰਿਆਵਲ ਥਾਵਾਂ ਨੂੰ ਬਣਾਈ ਰੱਖਣ, ਪੈਦਲ ਚੱਲਣ ਵਾਲਿਆਂ ਲਈ ਸੁਰੱਖਿਅਤ ਸੜਕਾਂ ਅਤੇ ਸ਼ਹਿਰ ਦੀਆਂ ਮੁੱਖ ਸੇਵਾਵਾਂ ਲਈ ਫ਼ੰਡ ਲਈ ਜੱਦੋ-ਜਹਿਦ ਕੀਤੀ ਹੈ। ਜੰਗ ਜਾਰੀ ਰੱਖਣੀ ਮਾਣ ਵਾਲੀ ਗੱਲ ਹੋਏਗੀ।"*

**ਮੌਜੂਦਾ ਕੰਮ-ਧੰਦਾ:** ਕੌਂਸਲ ਮੈਂਬਰ

**ਪਿਛਲਾ ਕੰਮ-ਧੰਦਾ:** ਕਿਰਾਏਦਾਰਾਂ ਦੇ ਹੱਕਾਂ ਬਾਰੇ ਵਕੀਲ

**ਸਿੱਖਿਆ:** JD, ਤੁਲਾਨੇ ਯੂਨੀਵਰਸਿਟੀ; BA, ਕੋਲੰਬੀਆ ਯੂਨੀਵਰਸਿਟੀ

**ਸੰਸਥਾਗਤ ਸਬੰਧ:** ਸਾਬਕਾ ਮੈਂਬਰ, ਮੈਨਹੱਟਨ ਭਾਈਚਾਰੇ ਸਬੰਧੀ ਬੋਰਡ 9

**ਪਹਿਲਾਂ ਦਾ ਸਰਕਾਰੀ ਅਨੁਭਵ:** ਰਾਸ਼ਟਰੀ ਕਿਰਤ ਸਬੰਧਾਂ ਬਾਰੇ ਬੋਰਡ

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਡੈਮੋਕ੍ਰੈਟਿਕ

# ਉਮੀਦਵਾਰਾਂ ਦੀ ਤੁਲਨਾ ਕਰਨੀ

ਇਸ ਸਾਲ, ਅਸੀਂ ਉਮੀਦਵਾਰਾਂ ਨੂੰ ਉਹਨਾਂ ਅੱਠ ਮੁੱਦਿਆਂ ਬਾਰੇ ਆਪਣੀ ਸਥਿਤੀ ਸਾਂਝੀ ਕਰਨ ਲਈ ਕਿਹਾ ਸੀ, ਜਿਹਨਾਂ ਬਾਰੇ ਨਿਊਯਾਰਕ ਦੇ ਵਸਨੀਕਾਂ ਨੇ ਕੁਈਨੀਪਿਆਕ ਯੂਨੀਵਰਸਿਟੀ ਦੀਆਂ ਹਾਲੀਆ ਚੋਣ ਵਿੱਚ ਉਹਨਾਂ ਨੂੰ ਸਭ ਤੋਂ ਜ਼ਰੂਰੀ ਦੱਸਿਆ ਸੀ: ਜੁਰਮ, ਮਹਿੰਗਾਈ, ਲੋਕਰਾਜ ਦੀ ਰਾਖੀ ਕਰਨੀ, ਗਰਭਪਾਤ, ਕਿਫ਼ਾਇਤੀ ਰਿਹਾਇਸ਼, ਬੇਘਰਾਪਣ, ਨਸਲੀ ਨਾਬਰਾਬਰੀ ਅਤੇ ਜਲਵਾਯੂ-ਤਬਦੀਲੀ। ਇਹਨਾਂ ਮਸਲਿਆਂ ਬਾਰੇ ਉਮੀਦਵਾਰਾਂ ਦੇ ਜਵਾਬਾਂ ਦੀ ਤੁਲਨਾ ਕਰਨ ਲਈ, **punjabi.nycvotes.org/compare** 'ਤੇ ਜਾਓ।

ਆਪਣੀ ਸਿਟੀ ਕੌਂਸਲ ਡਿਸਟ੍ਰਿਕਟ ਦਾ **findmypollsite.vote.nyc** 'ਤੇ ਪਤਾ ਲਾਓ।

| | **ਸ਼ਾਓਨ ਐਬ੍ਰਿਊ (Shaun Abreu)** ✓<br>ਲੋਕਰਾਜੀ |
|---|---|
| **ਅਪਰਾਧ** | ਸਾਨੂੰ ਜੁਰਮ ਨਾਲ ਵਿਆਪਕ ਤਰੀਕੇ ਨਾਲ ਨਜਿੱਠਣ ਦੀ ਲੋੜ ਹੈ – ਇਸ ਵਿੱਚ ਕਿਫ਼ਾਇਤੀ ਅਤੇ ਸਹਾਇਕ ਰਿਹਾਇਸ਼ ਦਾ ਪਸਾਰ, ਮਾਨਸਿਕ ਸਿਹਤ ਸੇਵਾਵਾਂ ਅਤੇ ਸਟੈਬਲਾਈਜ਼ੇਸ਼ਨ ਬੈਡ, ਯੂਥ ਪ੍ਰੋਗਰਾਮਿੰਗ ਅਤੇ ਹਿੰਸਕ ਜੁਰਮ ਨੂੰ ਨਿਸ਼ਾਨਾ ਬਣਾਉਣ ਵਾਸਤੇ NYPD ਲਈ ਸ੍ਰੋਤ ਸ਼ਾਮਿਲ ਹਨ। |
| **ਮਹਿੰਗਾਈ** | ਮੈਂ ਮਹਿੰਗਾਈ ਦੀ ਸਮੱਸਿਆ ਨੂੰ ਹੱਲ ਕਰਨ ਅਤੇ ਓਥੇ ਲਾਗਤਾਂ ਨੂੰ ਘਟਾਉਣ ਦੇ ਉਦੇਸ਼ ਵਾਲੇ ਪ੍ਰੋਗਰਾਮਾਂ ਵਿੱਚ ਨਿਵੇਸ਼ਾਂ ਦਾ ਸਮਰਥਨ ਕਰਦਾ ਹਾਂ ਜਿੱਥੇ ਨਿਊ ਯਾਰਕ ਵਾਸੀ ਸਭ ਤੋਂ ਵੱਧ ਮਹਿੰਗਾਈ ਦਾ ਬੋਝ ਮਹਿਸੂਸ ਕਰਦੇ ਹਨ, ਇਸ ਵਿੱਚ ਰਿਹਾਇਸ਼, ਭੋਜਨ ਅਤੇ ਆਵਾਜਾਈ ਦੇ ਖੇਤਰ ਵੀ ਸ਼ਾਮਲ ਹਨ। |
| **ਲੋਕਰਾਜ ਦੀ ਰਾਖੀ ਕਰਨਾ** | ਸਾਨੂੰ ਲੋਕਾਂ ਲਈ ਵੋਟ ਪਾਉਣਾ ਆਸਾਨ ਬਣਾਉਣ ਦੀ ਲੋੜ ਹੈ। ਮੈਂ ਉਸੇ ਦਿਨ ਦੀ ਰਜਿਸਟ੍ਰੇਸ਼ਨ, ਸ਼ੁਰੂਆਤੀ ਵੋਟਿੰਗ ਨੂੰ ਕਾਇਮ ਰੱਖਣ, ਅਤੇ ਵੋਟਰਾਂ ਨੂੰ ਰਜਿਸਟਰ ਕਰਨ ਵਾਲੀਆਂ ਸੰਸਥਾਵਾਂ ਲਈ ਫੰਡਿੰਗ ਦਾ ਸਮਰਥਨ ਕਰਦਾ ਹਾਂ। ਲੋਕਤੰਤਰ ਨੂੰ ਬਚਾਉਣ ਲਈ ਸਾਨੂੰ ਲੋਕਤੰਤਰੀ ਪ੍ਰਕਿਰਿਆ ਦੀ ਰਾਖੀ ਕਰਨੀ ਚਾਹੀਦੀ ਹੈ। |

## ਉਮੀਦਵਾਰ ਦੀ ਤੁਲਨਾ ਕਰਨੀ

**ਜਿੱਥੇ ਉਮੀਦਵਾਰ ਸਮਾਜ ਵਿਚਲੀਆਂ ਸਮੱਸਿਆਵਾਂ ਬਾਰੇ ਤੁਹਾਡੀ ਰਾਇ ਜਾਣਨਾ ਚਾਹੁੰਦੇ ਹਨ, ਜੋ ਤੁਹਾਡੇ ਲਈ ਬਹੁਤ ਅਹਿਮ ਹਨ ਅਤੇ ਫਿਰ ਨਾਲੋਂ-ਨਾਲ ਉਹਨਾਂ ਦੀ ਰਾਇ ਦੀ ਤੁਲਨਾ ਕਰਨ ਵਾਸਤੇ ਸਾਡੀ ਆੱਨਲਾਈਨ ਵੋਟਰ ਗਾਈਡ 'ਤੇ ਜਾਓ।**

**ਇੱਥੇ ਸਕੈਨ ਕਰੋ ਜਾਂ punjabi.nycvotes.org/compare 'ਤੇ ਜਾਓ**

# ਸਿਟੀ ਕੌਂਸਲ ਡਿਸਟ੍ਰਿਕਟ 8

**ਲੋਕਰਾਜੀ**

- ਡਿਆਨਾ I ਅਯਾਲਾ (Diana I Ayala)

**ਰਿਪਬਲਿਕਨ**

- ਐਕਸੋਡੈਸ M ਗੈਰੀ (Exodus M Gary)*

ਜੇ ਇੱਕ ਉਮੀਦਵਾਰ NYC ਦੇ ਮੈਚਿੰਗ ਫੰਡ ਪ੍ਰੋਗਰਾਮ ਵਿੱਚ ਹਿੱਸਾ ਲੈ ਰਿਹਾ ਹੈ, ਤਾਂ ਇਹ ਬੈਜ ਨਜ਼ਰ ਆਏਗਾ, ਜਿਸ ਨਾਲ ਉਮੀਦਵਾਰ ਨਿਊਯਾਰਕ ਦੇ ਵਸਨੀਕਾਂ 'ਤੇ ਭਰੋਸਾ ਕਰਦੇ ਹਨ – ਉਹਨਾਂ ਦੇ ਚੋਣ-ਪ੍ਰਚਾਰ ਲਈ ਫ਼ੰਡਾਂ ਲਈ – ਖ਼ਾਸ ਹਿੱਤਾਂ ਲਈ ਨਹੀਂ। ਪੰਨਾ 45 'ਤੇ ਹੋਰ ਜਾਣੋ।

ਇਸ ਗਾਈਡ ਵਿੱਚ ਉਹ ਸਾਰੇ ਉਮੀਦਵਾਰ ਸ਼ਾਮਿਲ ਹਨ, ਜਿਹਨਾਂ ਦੀ ਇਸਦੀ ਛਪਾਈ ਸਮੇਂ ਵੋਟ-ਪਰਚੀ 'ਤੇ ਹੋਣ ਦੀ ਸੰਭਾਵਨਾ ਸੀ। ਉਮੀਦਵਾਰਾਂ ਦੀ ਸਭ ਤੋਂ ਅਪਡੇਟ ਸੂਚੀ ਵੇਖਣ, ਉਮੀਦਵਾਰ ਦੀਆਂ ਵੀਡੀਓ ਲੱਭਣ ਅਤੇ ਮਸਲੇ ਦੀਆਂ ਸਥਿਤੀਆਂ ਦੀ ਤੁਲਨਾ ਕਰਨ ਲਈ punjabi.nycvotes.org/candidates 'ਤੇ ਜਾਓ।

* ਉਮੀਦਵਾਰ ਨੇ ਇਸ ਛਪੀ ਹੋਈ ਵੋਟਰ ਗਾਈਡ ਵਿੱਚ ਸ਼ਾਮਿਲ ਹੋਣ ਲਈ ਸਮੇਂ-ਸਿਰ ਮੁਕੰਮਲ ਪ੍ਰੋਫ਼ਾਈਲ ਸਬਮਿਟ ਨਹੀਂ ਕੀਤਾ।

---



## ਡਿਆਨਾ I ਅਯਾਲਾ (Diana I Ayala)

ਲੋਕਰਾਜੀ

**ਮੁੱਖ 3 ਮਸਲੇ:**

1. ਕਿਫ਼ਾਇਤੀ ਰਿਹਾਇਸ਼ ਦਾ ਬਚਾਅ ਕਰਨਾ ਅਤੇ ਪਸਾਰ ਕਰਨਾ
2. ਮਾਨਸਿਕ ਸਿਹਤ ਅਤੇ ਫ਼ੌਜਦਾਰੀ ਨਿਆ
3. ਕਿਰਤੀਆਂ ਦਾ ਵਿਕਾਸ

*"ਸਾਊਥ ਬ੍ਰੌਂਕਸ ਅਤੇ ਈਸਟ ਹਾਰਲੈਮ ਭਾਈਚਾਰਾ ਜੂਝ ਰਿਹਾ ਹੈ ਅਤੇ ਉਹਨਾਂ ਨੂੰ ਲਗਾਤਾਰ ਅਜਿਹੀ ਅਗਵਾਈ ਦੀ ਲੋੜ ਹੈ, ਜੋ ਉਹਨਾਂ ਨੂੰ ਅੱਗੇ ਰੱਖੇ। ਮੌਜੂਦਾ ਨੁਮਾਇੰਦੇ ਵਜੋਂ, ਮੈਂ ਡਿਸਟ੍ਰਿਕਟ ਨੂੰ ਬਹੁਤ ਜ਼ਿਆਦਾ ਲੋੜੀਂਦੇ ਸ੍ਰੋਤ ਦੇਣ ਲਈ ਸਖ਼ਤ ਜੱਦੋ-ਜਹਿਦ ਕੀਤੀ ਹੈ ਅਤੇ ਅਗਲੇ 2 ਸਾਲਾਂ ਦੌਰਾਨ ਅਜਿਹਾ ਕਰਨਾ ਜਾਰੀ ਰੱਖਣ ਦੀ ਉਮੀਦ ਕਰਦੀ ਹਾਂ"*

**ਮੌਜੂਦਾ ਕੰਮ-ਧੰਦਾ:** ਪੂਰੇ ਸਮੇਂ ਦਾ ਉਮੀਦਵਾਰ

**ਪਿਛਲਾ ਕੰਮ-ਧੰਦਾ:** ਸਿਟੀ ਕੌਂਸਲ ਮੈਂਬਰ ਦੇ ਡਿਪਟੀ ਚੀਫ਼ ਆੱਫ਼ ਸਟਾਫ਼ ਮੈਲੀਸਾ ਮਾਰਕ-ਵੀਵੈਰੀਤੋ (Melissa Mark-Viverito), ਕਾਰਵਰ ਹਾਊਸਿਜ਼ ਸੀਨੀਅਰ ਸੈਂਟਰ ਦੇ ਡਾਇਰੈਕਟਰ, ਕੋਰਸੀ ਹਾਊਸਿਜ਼ ਵਿਖੇ ਕੇਸਵਰਕਰ

**ਪੜ੍ਹਾਈ:** A. D. ਮਨੁੱਖੀ ਸੇਵਾਵਾਂ

**ਸੰਸਥਾਗਤ ਸਬੰਧ:** ਲਾਗੂ/ਨਹੀਂ

**ਪਹਿਲਾਂ ਦਾ ਸਰਕਾਰੀ ਅਨੁਭਵ:** ਲਾਗੂ ਨਹੀਂ

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਡੈਮੋਕ੍ਰੈਟਿਕ

# ਉਮੀਦਵਾਰਾਂ ਦੀ ਤੁਲਨਾ ਕਰਨੀ

ਇਸ ਸਾਲ, ਅਸੀਂ ਉਮੀਦਵਾਰਾਂ ਨੂੰ ਉਹਨਾਂ ਅੱਠ ਮੁੱਦਿਆਂ ਬਾਰੇ ਆਪਣੀ ਸਥਿਤੀ ਸਾਂਝੀ ਕਰਨ ਲਈ ਕਿਹਾ ਸੀ, ਜਿਹਨਾਂ ਬਾਰੇ ਨਿਊਯਾਰਕ ਦੇ ਵਸਨੀਕਾਂ ਨੇ ਕੁਈਨੀਪਿਆਕ ਯੂਨੀਵਰਸਿਟੀ ਦੀਆਂ ਹਾਲੀਆ ਚੋਣ ਵਿੱਚ ਉਹਨਾਂ ਨੂੰ ਸਭ ਤੋਂ ਜ਼ਰੂਰੀ ਦੱਸਿਆ ਸੀ: ਜੁਰਮ, ਮਹਿੰਗਾਈ, ਲੋਕਰਾਜ ਦੀ ਰਾਖੀ ਕਰਨੀ, ਗਰਭਪਾਤ, ਕਿਫ਼ਾਇਤੀ ਰਿਹਾਇਸ਼, ਬੇਘਰਾਪਣ, ਨਸਲੀ ਨਾਬਰਾਬਰੀ ਅਤੇ ਜਲਵਾਯੂ-ਤਬਦੀਲੀ। ਇਹਨਾਂ ਮਸਲਿਆਂ ਬਾਰੇ ਉਮੀਦਵਾਰਾਂ ਦੇ ਜਵਾਬਾਂ ਦੀ ਤੁਲਨਾ ਕਰਨ ਲਈ, **punjabi.nycvotes.org/compare** 'ਤੇ ਜਾਓ।

ਆਪਣੀ ਸਿਟੀ ਕੌਂਸਲ ਡਿਸਟ੍ਰਿਕਟ ਦਾ **findmypollsite.vote.nyc** 'ਤੇ ਪਤਾ ਲਾਓ।

| | **ਡਿਆਨਾ I ਅਯਾਲਾ (Diana I Ayala)** ✓<br>ਲੋਕਰਾਜੀ | **ਐਕਸੋਡੈਸ M ਗੈਰੀ (Exodus M Gary)***<br>ਰਿਪਬਲਿਕਨ |
|---|---|---|
| **ਅਪਰਾਧ** | ਸਾਲਾਂ ਦੀ ਡਿਸਇੰਵੈਸਟਮੈਂਟ ਜੁਰਮ ਦਾ ਇੱਕ ਲੱਛਣ ਹੈ। ਜੁਰਮ ਨਾਲ ਨਜਿੱਠਣ ਲਈ, ਸਾਨੂੰ ਮੂਲ ਸਮੱਸਿਆ ਨੂੰ ਜੜ੍ਹੋਂ ਖ਼ਤਮ ਕਰਨ ਦੀ ਲੋੜ ਹੈ। ਸਾਨੂੰ ਕਿਰਤੀਆਂ ਦੇ ਵਿਕਾਸ ਲਈ ਢੁਕਵੇਂ ਫ਼ੰਡ ਦੇਣ ਅਤੇ ਮੱਧ ਵਰਗ ਲਈ ਵੀ ਬਹੁਤ ਕੁਝ ਕਰਨ ਦੀ ਲੋੜ ਹੈ। | ਉਮੀਦਵਾਰ ਨੇ ਇਸ ਸੁਆਲ ਦਾ ਜਵਾਬ ਸਬਮਿਟ ਨਹੀਂ ਕੀਤਾ। |
| **ਮਹਿੰਗਾਈ** | ਵਧ ਰਹੀ ਮਹਿੰਗਾਈ ਦੀਆਂ ਦਰਾਂ ਭੋਜਨ, ਰਿਹਾਇਸ਼, ਈਂਧਣ ਅਤੇ ਹੋਰ ਬਹੁਤ ਕੁਝ ਦੀਆਂ ਵਧ ਰਹੀਆਂ ਲਾਗਤਾਂ ਵਿੱਚ ਨਜ਼ਰ ਆਉਂਦਾ ਹੈ। ਪਰਿਵਾਰ ਭੋਜਨ ਕਰਕੇ ਅਸੁਰੱਖਿਅਤ ਹਨ ਅਤੇ ਆਪਣੀਆਂ ਜ਼ਰੂਰਤਾਂ ਪੂਰੀਆਂ ਨਹੀਂ ਕਰ ਸਕਦੇ। ਸੁਰੱਖਿਆ ਨੈਟ ਸੇਵਾਵਾਂ ਤੱਕ ਅਸਾਨ ਪਹੁੰਚ ਨੂੰ ਯਕੀਨੀ ਬਣਾਉਣ ਦੀ ਜ਼ਿੰਮੇਵਾਰੀ ਸਾਡੀ ਹੈ, ਜਿਸ ਨਾਲ ਲੋਕਾਂ ਨੂੰ ਭੋਜਨ ਅਤੇ ਘਰ ਮਿਲਦਾ ਹੈ। | ਉਮੀਦਵਾਰ ਨੇ ਇਸ ਸੁਆਲ ਦਾ ਜਵਾਬ ਸਬਮਿਟ ਨਹੀਂ ਕੀਤਾ। |
| **ਲੋਕਰਾਜ ਦੀ ਰਾਖੀ ਕਰਨਾ** | ਜੇ ਆਪਣੇ ਲੋਕਰਾਜ ਦੀ ਰਾਖੀ ਕਰਨ ਵਿੱਚ ਸਾਡੀ ਵਾਕਈ ਦਿਲਚਸਪੀ ਹੈ, ਤਾਂ ਸਾਨੂੰ ਆਪਣੇ ਵੋਟਿੰਗ ਵਾਲੇ ਭਾਈਚਾਰਿਆਂ ਦਾ ਭਰੋਸਾ ਹਾਸਿਲ ਕਰਨ ਅਤੇ ਬਣਾਈ ਰੱਖਣ ਦੀ ਲੋੜ ਹੈ। ਭਾਈਚਾਰੇ ਦੀ ਅਗਵਾਈ ਕਰਦਿਆਂ ਹੋਇਆਂ, ਨਿਊਯਾਰਕ ਵਾਸੀਆਂ ਦੀ ਅਵਾਜ਼ ਅਤੇ ਮਸਲਿਆਂ ਨੂੰ ਰੋਜ਼ ਸਾਰਿਆਂ ਦੇ ਸਾਹਮਣੇ ਅਤੇ ਕੇਂਦਰ ਵਿੱਚ ਰੱਖਣਾ ਚਾਹੀਦਾ ਹੈ। | ਉਮੀਦਵਾਰ ਨੇ ਇਸ ਸੁਆਲ ਦਾ ਜਵਾਬ ਸਬਮਿਟ ਨਹੀਂ ਕੀਤਾ। |

# ਸਿਟੀ ਕੌਂਸਲ ਡਿਸਟ੍ਰਿਕਟ 9

**ਲੋਕਰਾਜੀ**

- ਯੂਸਫ਼ ਸਲਾਮ (Yusef Salaam)

ਜੇ ਇੱਕ ਉਮੀਦਵਾਰ NYC ਦੇ ਮੈਚਿੰਗ ਫੰਡ ਪ੍ਰੋਗਰਾਮ ਵਿੱਚ ਹਿੱਸਾ ਲੈ ਰਿਹਾ ਹੈ, ਤਾਂ ਇਹ ਬੈਜ ਨਜ਼ਰ ਆਏਗਾ, ਜਿਸ ਨਾਲ ਉਮੀਦਵਾਰ ਨਿਊਯਾਰਕ ਦੇ ਵਸਨੀਕਾਂ 'ਤੇ ਭਰੋਸਾ ਕਰਦੇ ਹਨ – ਉਹਨਾਂ ਦੇ ਚੋਣ-ਪ੍ਰਚਾਰ ਲਈ ਫ਼ੰਡਾਂ ਲਈ – ਖ਼ਾਸ ਹਿੱਤਾਂ ਲਈ ਨਹੀਂ। ਪੰਨਾ 45 'ਤੇ ਹੋਰ ਜਾਣੋ।

ਇਸ ਗਾਈਡ ਵਿੱਚ ਉਹ ਸਾਰੇ ਉਮੀਦਵਾਰ ਸ਼ਾਮਿਲ ਹਨ, ਜਿਹਨਾਂ ਦੀ ਇਸਦੀ ਛਪਾਈ ਸਮੇਂ ਵੋਟ-ਪਰਚੀ 'ਤੇ ਹੋਣ ਦੀ ਸੰਭਾਵਨਾ ਸੀ। ਉਮੀਦਵਾਰਾਂ ਦੀ ਸਭ ਤੋਂ ਅਪਡੇਟ ਸੂਚੀ ਵੇਖਣ, ਉਮੀਦਵਾਰ ਦੀਆਂ ਵੀਡੀਓ ਲੱਭਣ ਅਤੇ ਮਸਲੇ ਦੀਆਂ ਸਥਿਤੀਆਂ ਦੀ ਤੁਲਨਾ ਕਰਨ ਲਈ **punjabi.nycvotes.org/candidates** 'ਤੇ ਜਾਓ।



## ਯੂਸਫ਼ ਸਲਾਮ (Yusef Salaam)

ਲੋਕਰਾਜੀ

**ਮੁੱਖ 3 ਮਸਲੇ:**

1. ਹੋਰ ਉਸਾਰੀ ਕਿਫ਼ਾਇਤੀ ਰਿਹਾਇਸ਼
2. ਜੁਰਮ ਦੇ ਰਾਹ ਘਟਾਉਣੇ
3. ਪਬਲਿਕ ਸਕੂਲ ਦੀ ਸਿੱਖਿਆ ਵਿੱਚ ਸੁਧਾਰ ਕਰਨਾ

*"ਇਹ ਚੋਣ-ਪ੍ਰਚਾਰ ਇੱਕ ਛਿਣ ਬਾਰੇ ਨਹੀਂ, ਬਲਕਿ ਇੱਕ ਮੁਹਿੰਮ ਬਾਰੇ ਹੈ। ਇੱਕ ਮੁਹਿੰਮ ਜੋ ਦਰਸਾਉਂਦੀ ਹੈ ਕਿ ਸ਼ਹਿਰ ਕਿੱਥੇ ਤੱਕ ਆਇਆ ਹੈ ਅਤੇ ਕਿੱਥੇ ਤੱਕ ਜਾਏਗਾ। ਮੈਂ ਹਾਰਲੈਮ ਦਾ ਪੁੱਤਰ ਹਾਂ ਅਤੇ ਆਪਣੇ ਭਾਈਚਾਰੇ ਦੀ ਸੇਵਾ ਕਰਨ ਦੀ ਤਾਂਘ ਰੱਖ ਰਿਹਾ ਹਾਂ ਅਤੇ ਨਿਊਯਾਰਕ ਸਿਟੀ ਕੌਂਸਲ ਦੀ 9ਵੀਂ ਡਿਸਟ੍ਰਿਕਟ ਦੀ ਨੁਮਾਇੰਦਗੀ ਕਰ ਰਿਹਾ ਹਾਂ।"*

**ਮੌਜੂਦਾ ਕੰਮ-ਧੰਦਾ:** ਲੇਖਕ

**ਪਿਛਲਾ ਕੰਮ-ਧੰਦਾ:** ਨਾੱਰਥਵੈਲ ਹੈਲਥ ਵਿਖੇ ਵਾਇਰਲੈਸ ਕਮਿਉਨਿਕੇਸ਼ਨਸ ਐਡਮਿਨਿਸਟ੍ਰੇਸ਼ਨ

**ਸਿੱਖਿਆ:** ਡੱਚਿਜ਼ ਕਮਿਉਨਿਟੀ ਕਾੱਲਿਜ – ਸੋਸ਼ਲ ਸਾਇੰਸਿਜ਼ ਵਿੱਚ ਐਸੋਸੀਏਟ ਆੱਫ਼ ਆਰਟਸ ਐਂਡ ਸਾਇੰਸ 1991-1993

**ਸੰਸਥਾਗਤ ਸਬੰਧ:** ਫ੍ਰੈਡਰਿਕ E. ਸੈਮੁਅਲ ਕਮਿਉਨਿਟੀ ਡੈਮੋਕ੍ਰੈਟਿਕ ਕਲੱਬ

**ਪਹਿਲਾਂ ਦਾ ਸਰਕਾਰੀ ਅਨੁਭਵ:** ਕਾਰਕੁਨ

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਡੈਮੋਕ੍ਰੈਟਿਕ

# ਉਮੀਦਵਾਰਾਂ ਦੀ ਤੁਲਨਾ ਕਰਨੀ

ਇਸ ਸਾਲ, ਅਸੀਂ ਉਮੀਦਵਾਰਾਂ ਨੂੰ ਉਹਨਾਂ ਅੱਠ ਮੁੱਦਿਆਂ ਬਾਰੇ ਆਪਣੀ ਸਥਿਤੀ ਸਾਂਝੀ ਕਰਨ ਲਈ ਕਿਹਾ ਸੀ, ਜਿਹਨਾਂ ਬਾਰੇ ਨਿਊਯਾਰਕ ਦੇ ਵਸਨੀਕਾਂ ਨੇ ਕੁਈਨੀਪਿਆਕ ਯੂਨੀਵਰਸਿਟੀ ਦੀਆਂ ਹਾਲੀਆ ਚੋਣ ਵਿੱਚ ਉਹਨਾਂ ਨੂੰ ਸਭ ਤੋਂ ਜ਼ਰੂਰੀ ਦੱਸਿਆ ਸੀ: ਜੁਰਮ, ਮਹਿੰਗਾਈ, ਲੋਕਰਾਜ ਦੀ ਰਾਖੀ ਕਰਨੀ, ਗਰਭਪਾਤ, ਕਿਫ਼ਾਇਤੀ ਰਿਹਾਇਸ਼, ਬੇਘਰਾਪਣ, ਨਸਲੀ ਨਾਬਰਾਬਰੀ ਅਤੇ ਜਲਵਾਯੂ-ਤਬਦੀਲੀ। ਇਹਨਾਂ ਮਸਲਿਆਂ ਬਾਰੇ ਉਮੀਦਵਾਰਾਂ ਦੇ ਜਵਾਬਾਂ ਦੀ ਤੁਲਨਾ ਕਰਨ ਲਈ, **punjabi.nycvotes.org/compare** 'ਤੇ ਜਾਓ।

ਆਪਣੀ ਸਿਟੀ ਕੌਂਸਲ ਡਿਸਟ੍ਰਿਕਟ ਦਾ **findmypollsite.vote.nyc** 'ਤੇ ਪਤਾ ਲਾਓ।

| | **ਯੂਸਫ਼ ਸਲਾਮ (Yusef Salaam)** ✓<br>ਲੋਕਰਾਜੀ |
|---|---|
| **ਅਪਰਾਧ** | ਹਾਰਲੈਮ ਸੁਰੱਖਿਅਤ ਸੜਕਾਂ ਦਾ ਹੱਕਦਾਰ ਹੈ। ਰ ਵੀ ਅਸੀਂ ਨਿਆ ਦੀ ਕੀਮਤ 'ਤੇ ਸੁਰੱਖਿਅਤ ਮਹਿਸੂਸ ਕਰਨ ਲਈ ਫ਼ੌਰੀ ਸੁਧਾਰਾਂ ਪਿੱਛੇ ਨਹੀਂ ਦੌੜ ਸਕਦੇ, ਹਾਰਲੈਮ ਨੂੰ ਸੁਰੱਖਿਅਤ ਰੱਖਣ ਦੀ ਲੋੜ ਨੂੰ ਵੇਖਦਿਆਂ ਸਾਨੂੰ ਸ੍ਰੋਤਾਂ ਵਿੱਚ ਪੂੰਜੀ ਲਾਉਣੀ ਚਾਹੀਦੀ ਹੈ। ਸਾਨੂੰ ਇੱਕੋ ਜਿਹੀ ਸੁਰੱਖਿਆ ਦੇ ਉਪਾਅ ਕਰਨੇ ਚਾਹੀਦੇ ਹਨ, ਜੋ ਹਾਰਲੇਮ ਨੂੰ ਸੁਰੱਖਿਅਤ ਰੱਖਦੇ ਹਨ ਅਤੇ ਇਹ ਯਕੀਨੀ ਬਣਾਉਂਦੇ ਹਨ ਕਿ ਸਾਡੇ ਪਿੰਡ ਦੇ ਹੱਕਾਂ ਦਾ ਸਤਿਕਾਰ ਕੀਤਾ ਜਾਏ। |
| **ਮਹਿੰਗਾਈ** | ਕੀਮਤਾਂ ਬਹੁਤ ਜ਼ਿਆਦਾ ਹਨ, ਪਰ ਮਹਿੰਗਾਈ ਇੱਕ ਰਾਸ਼ਟਰੀ ਸਮੱਸਿਆ ਹੈ, ਜਿਸ 'ਤੇ ਸਿਟੀ ਕੌਂਸਲ ਕਾਬੂ ਕਰਨ ਲਈ ਥੋੜ੍ਹਾ-ਕੁਝ ਹੀ ਕਰ ਸਕਦੀ ਹੈ। ਜੇ ਚੁਣਿਆ ਜਾਂਦਾ ਹੈ, ਤਾਂ ਮੈਂ ਵਿਆਜ-ਦਰਾਂ ਅਤੇ ਸਪਲਾਈ ਲੜੀ ਨਾਲ ਜੁੜੇ ਮਸਲਿਆਂ 'ਤੇ ਕਾਰਵਾਈ ਕਰਨ ਦੀ ਅਪੀਲ ਕਰਨ ਵਾਸਤੇ ਆਪਣੇ ਫ਼ੈਡਰਲ ਅਧਿਕਾਰੀਆਂ ਨਾਲ ਮਿਲਕੇ ਕੰਮ ਕਰਾਂਗਾ, ਜਿਸ ਨਾਲ ਸਮੱਸਿਆ 'ਤੇ ਉਸਾਰੂ ਅਸਰ ਪਏਗਾ। |
| **ਲੋਕਰਾਜ ਦੀ ਰਾਖੀ ਕਰਨਾ** | ਅਸੀਂ ਇਸ ਤੱਕ ਪਹੁੰਚ ਦਾ ਪਸਾਰ ਕਰਕੇ ਲੋਕਰਾਜ ਦੀ ਰਾਖੀ ਕਰਦੇ ਹਾਂ। ਸਾਨੂੰ ਸਾਰੇ ਲੋਕਾਂ ਵਲੋਂ ਵੋਟ ਪਾਉਣ ਦੀ ਮੰਜ਼ੂਰੀ ਦੇਣੀ ਚਾਹੀਦੀ ਹੈ, ਜਿਹਨਾਂ ਵਿੱਚ ਕੈਦੀ ਜਾਂ ਬਿਨਾ ਦਸਤਾਵੇਜ਼ਾਂ ਵਾਲੇ ਵਿਅਕਤੀ ਵੀ ਸ਼ਾਮਿਲ ਹਨ, ਆੱਟੋਮੈਟਿਕ ਵੋਟਰ ਰਜਿਸਟ੍ਰੇਸ਼ਨ ਦੀ ਇਜਾਜ਼ਤ ਦੇਣੀ ਚਾਹੀਦੀ ਹੈ, ਅਤੇ ਗ਼ੈਰ-ਹਾਜ਼ਰ ਵੋਟ-ਪਰਚੀ ਦੀ ਵਰਤੋਂ ਨੂੰ ਵੀ ਵਧਾਉਣਾ ਚਾਹੀਦਾ ਹੈ। |

## ਉਮੀਦਵਾਰ ਦੇ ਵੀਡੀਓ ਵੇਖੋ

**ਉਮੀਦਵਾਰਾਂ ਬਾਰੇ ਹੋਰ ਜਾਣਨ ਲਈ ਸਾਡੀ ਔਨਲਾਈਨ ਵੋਟਰ ਗਾਈਡ 'ਤੇ ਜਾਓ! ਆਪਣੀ ਵੋਟ-ਪਰਚੀ 'ਤੇ ਉਮੀਦਵਾਰਾਂ ਬਾਰੇ ਜਾਣਨ ਲਈ ਆਪਣਾ ਪਤਾ ਭਰੋ ਅਤੇ ਫਿਰ ਉਮੀਦਵਾਰ ਦੇ ਵੀਡੀਓ ਵੇਖਣ ਲਈ ਉਹਨਾਂ ਦੇ ਪ੍ਰੋਫ਼ਾਈਲ 'ਤੇ ਜਾਓ।**

**ਇੱਥੇ ਸਕੈਨ ਕਰੋ ਜਾਂ punjabi.nycvotes.org/candidates 'ਤੇ ਜਾਓ**

# ਸਿਟੀ ਕੌਂਸਲ ਡਿਸਟ੍ਰਿਕਟ 10

**ਡੈਮੋਕ੍ਰੈਟਿਕ, ਵਰਕਿੰਗ ਫ਼ੈਮਿਲੀਜ਼**

- ਕਾਰਮੈਨ N ਡੀ ਲਾ ਰੋਜ਼ਾ (Carmen N De La Rosa)

ਜੇ ਇੱਕ ਉਮੀਦਵਾਰ NYC ਦੇ ਮੈਚਿੰਗ ਫੰਡ ਪ੍ਰੋਗਰਾਮ ਵਿੱਚ ਹਿੱਸਾ ਲੈ ਰਿਹਾ ਹੈ, ਤਾਂ ਇਹ ਬੈਜ ਨਜ਼ਰ ਆਏਗਾ, ਜਿਸ ਨਾਲ ਉਮੀਦਵਾਰ ਨਿਊਯਾਰਕ ਦੇ ਵਸਨੀਕਾਂ 'ਤੇ ਭਰੋਸਾ ਕਰਦੇ ਹਨ – ਉਹਨਾਂ ਦੇ ਚੋਣ-ਪ੍ਰਚਾਰ ਲਈ ਫ਼ੰਡਾਂ ਲਈ – ਖ਼ਾਸ ਹਿੱਤਾਂ ਲਈ ਨਹੀਂ। ਪੰਨਾ 45 'ਤੇ ਹੋਰ ਜਾਣੋ।

ਇਸ ਗਾਈਡ ਵਿੱਚ ਉਹ ਸਾਰੇ ਉਮੀਦਵਾਰ ਸ਼ਾਮਿਲ ਹਨ, ਜਿਹਨਾਂ ਦੀ ਇਸਦੀ ਛਪਾਈ ਸਮੇਂ ਵੋਟ-ਪਰਚੀ 'ਤੇ ਹੋਣ ਦੀ ਸੰਭਾਵਨਾ ਸੀ। ਉਮੀਦਵਾਰਾਂ ਦੀ ਸਭ ਤੋਂ ਅਪਡੇਟ ਸੂਚੀ ਵੇਖਣ, ਉਮੀਦਵਾਰ ਦੀਆਂ ਵੀਡੀਓ ਲੱਭਣ ਅਤੇ ਮਸਲੇ ਦੀਆਂ ਸਥਿਤੀਆਂ ਦੀ ਤੁਲਨਾ ਕਰਨ ਲਈ **punjabi.nycvotes.org/candidates** 'ਤੇ ਜਾਓ।



## ਕਾਰਮੈਨ N ਡੀ ਲਾ ਰੋਜ਼ਾ (Carmen N De La Rosa)

ਡੈਮੋਕ੍ਰੈਟਿਕ, ਵਰਕਿੰਗ ਫ਼ੈਮਿਲੀਜ਼

**ਮੁੱਖ 3 ਮਸਲੇ:**

1. ਕਿਰਾਏਦਾਰਾਂ ਦੀ ਰਾਖੀ ਕਰਨੀ ਅਤੇ ਥਾਂ-ਬਦਲੀ ਨੂੰ ਠਲ੍ਹ ਪਾਉਣੀ।
2. ਕੁਆਲਿਟੀ ਵਾਲੀ ਸਿੱਖਿਆ ਤੱਕ ਪਹੁੰਚ।
3. ਕਿਰਤੀਆਂ ਦੇ ਹੱਕ।

*"ਕਾਰਮੈਨ N ਡੀ ਲਾ ਰੋਜ਼ਾ ਇੱਕ ਬੱਚੀ ਵਜੋਂ ਡੌਮਿਨਿਕਨ ਰਿਪਬਲਿਕ ਤੋਂ ਆਈ ਸੀ ਅਤੇ ਉਹਨਾਂ ਦੀ ਪਰਵਰਿਸ਼ ਇਨਵੁੱਡ ਵਿੱਚ ਹੋਈ ਸੀ। 2016 ਵਿੱਚ, ਕਾਰਮੈਨ 72ਵੀਂ ਡਿਸਟ੍ਰਿਕਟ ਦੇ ਵਿਧਾਨ ਸਭਾ ਮੈਂਬਰ ਚੁਣੇ ਗਏ ਸੀ। ਉਹਨਾਂ ਨੇ $2.1 ਅਰਬ ਵਿੱਚ ਨਿਊਯਾਰਕ ਡ੍ਰੀਮ ਕਾਨੂੰਨ ਅਤੇ ਕੱਢੇ ਗਏ ਵਰਕਰਾਂ ਲਈ ਫ਼ੰਡ ਪਾਸ ਕੀਤਾ ਸੀ।*

*2021 ਵਿੱਚ, ਕਾਰਮੈਨ ਸਿਟੀ ਹਾਲ ਵਿਖੇ ਡਿਸਟ੍ਰਿਕਟ 10 ਦੀ ਨੁਮਾਇੰਦਗੀ ਕਰਨ ਲਈ ਚੁਣੀ ਗਈ ਪਹਿਲੀ ਔਰਤ ਬਣੇ ਸੀ। ਉਹ ਸਾਡੇ ਭਾਈਚਾਰੇ ਨੂੰ ਇੱਕ ਥਾਂ ਤੋਂ ਦੂਜੀ ਥਾਂ ਲਈ ਜਾਣ ਤੋਂ ਬਚਾਉਣ, ਸਾਡੇ ਫ਼ੌਜਦਾਰੀ ਨਿਆ-ਪ੍ਰਬੰਧ ਦੀਆਂ ਕਮੀਆਂ ਦੂਰ ਕਰਨ, ਆਪਣੇ ਸਮਾਜਕ ਸੁਰੱਖਿਆ ਸਿਲਸਿਲੇ ਦਾ ਪਸਾਰ ਕਰਨ ਅਤੇ ਫ਼੍ਰੰਟਲਾਈਨ ਵਰਕਰਾਂ ਅਤੇ ਛੋਟੇ ਕਾਰੋਬਾਰਾਂ ਦੀ ਰਾਖੀ ਕਰਨ ਲਈ ਮੁਕਾਬਲਾ ਕਰ ਰਹੀ ਹੈ।"*

**ਮੌਜੂਦਾ ਕੰਮ-ਧੰਦਾ:** ਸਿਟੀ ਕੌਂਸਲ ਮੈਂਬਰ

**ਪਿਛਲਾ ਕੰਮ-ਧੰਦਾ:** ਨਿਊਯਾਰਕ ਰਾਜ ਵਿਧਾਨ ਸਭਾ ਮੈਂਬਰ

**ਸਿੱਖਿਆ:** ਫ਼ੋਰਡਹੈਮ ਯੂਨੀਵਰਸਿਟੀ

**ਸੰਸਥਾਗਤ ਸਬੰਧ:** ਤਬਦੀਲੀ ਲਈ ਨਾੱਰਦਰਨ ਮੈਨਹੱਟਨ ਡੈਮੋਕ੍ਰੈਟਸ

**ਪਹਿਲਾਂ ਦਾ ਸਰਕਾਰੀ ਅਨੁਭਵ:** ਵਰਕਰ ਸ਼੍ਰੇਣੀ ਦੀ ਰਾਖੀ ਕਰਨ ਅਤੇ ਹੱਕ ਦੇਣ ਲਈ ਜ਼ਿੰਦਗੀ ਭਰ ਤੋਂ ਸਰਕਾਰੀ ਨੌਕਰ ਵਾਂਗ ਕੰਮ ਕਰਨਾ। ਸਾਬਕਾ NYS ਵਿਧਾਨ-ਸਭਾ ਮੈਂਬਰ।

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਡੈਮੋਕ੍ਰੈਟਿਕ

# ਉਮੀਦਵਾਰਾਂ ਦੀ ਤੁਲਨਾ ਕਰਨੀ

ਇਸ ਸਾਲ, ਅਸੀਂ ਉਮੀਦਵਾਰਾਂ ਨੂੰ ਉਹਨਾਂ ਅੱਠ ਮੁੱਦਿਆਂ ਬਾਰੇ ਆਪਣੀ ਸਥਿਤੀ ਸਾਂਝੀ ਕਰਨ ਲਈ ਕਿਹਾ ਸੀ, ਜਿਹਨਾਂ ਬਾਰੇ ਨਿਊਯਾਰਕ ਦੇ ਵਸਨੀਕਾਂ ਨੇ ਕੁਈਨੀਪਿਆਕ ਯੂਨੀਵਰਸਿਟੀ ਦੀਆਂ ਹਾਲੀਆ ਚੋਣ ਵਿੱਚ ਉਹਨਾਂ ਨੂੰ ਸਭ ਤੋਂ ਜ਼ਰੂਰੀ ਦੱਸਿਆ ਸੀ: ਜੁਰਮ, ਮਹਿੰਗਾਈ, ਲੋਕਰਾਜ ਦੀ ਰਾਖੀ ਕਰਨੀ, ਗਰਭਪਾਤ, ਕਿਫ਼ਾਇਤੀ ਰਿਹਾਇਸ਼, ਬੇਘਰਾਪਣ, ਨਸਲੀ ਨਾਬਰਾਬਰੀ ਅਤੇ ਜਲਵਾਯੂ-ਤਬਦੀਲੀ। ਇਹਨਾਂ ਮਸਲਿਆਂ ਬਾਰੇ ਉਮੀਦਵਾਰਾਂ ਦੇ ਜਵਾਬਾਂ ਦੀ ਤੁਲਨਾ ਕਰਨ ਲਈ, **punjabi.nycvotes.org/compare** 'ਤੇ ਜਾਓ।

-ਆਪਣੀ ਸਿਟੀ ਕੌਂਸਲ ਡਿਸਟ੍ਰਿਕਟ ਦਾ **findmypollsite.vote.nyc** 'ਤੇ ਪਤਾ ਲਾਓ।

## ਕਾਰਮੈਨ N ਡੀ ਲਾ ਰੋਜ਼ਾ (Carmen N De La Rosa)

ਡੈਮੋਕ੍ਰੈਟਿਕ, ਵਰਕਿੰਗ ਫ਼ੈਮਿਲੀਜ਼

| | |
|---|---|
| **ਅਪਰਾਧ** | ਸਾਰਿਆਂ ਨੂੰ ਸੁਰੱਖਿਅਤ ਭਾਈਚਾਰੇ ਵਿੱਚ ਰਹਿਣ ਦਾ ਹੱਕ ਹੈ। ਕਿਉਂਕਿ ਅਸੀਂ ਸੰਸਥਾਗਤ ਨਸਲਪ੍ਰਸਤੀ ਅਤੇ ਸਮੂਹਕ ਕੈਦ ਨਾਲ ਜੂਝਦੇ ਹਾਂ, ਸਾਨੂੰ ਸਮਾਜ ਨੂੰ ਧਿਆਨ ਵਿੱਚ ਰੱਖਕੇ ਬਣਾਏ ਗਏ ਹਿੰਸਾ ਸਾਲਸੀ ਪ੍ਰੋਗਰਾਮ, ਸਮਾਜਕ ਸੇਵਾਵਾਂ, ਨੌਕਰੀਆਂ, ਅਤੇ ਨੌਜਵਾਨਾਂ ਲਈ ਸਕੂਲ ਤੋਂ ਬਾਅਦ ਦੇ ਪ੍ਰੋਗਰਾਮਾਂ ਵਰਗੀਆਂ ਜਨਤਕ ਸੁਰੱਖਿਆ ਬਾਰੇ ਪਹਿਲਕਦਮੀਆਂ ਵਿੱਚ ਪੂੰਜੀ ਲਾਉਣੀ ਚਾਹੀਦੀ ਹੈ। |
| **ਮਹਿੰਗਾਈ** | ਰਹਿਣ-ਸਹਿਣ ਦੀ ਲਾਗਤ ਅਸਮਾਨੀਂ ਪਹੁੰਚ ਗਈ ਹੈ। ਮੈਨਹੱਟਨ ਵਿੱਚ ਔਸਤ ਅਪਾਰਟਮੈਂਟ $5,186 ਮਹੀਨੇ ਤੱਕ ਵਧ ਗਿਆ ਹੈ। ਕਰੋੜਪਤੀਆਂ ਦੀ ਤਦਾਦ ਜਿਉਂ ਹੀ ਵਧਦੀ ਹੈ, ਕੰਮ ਕਰਨ ਵਾਲੇ ਪਰਿਵਾਰ ਅਤੇ ਪ੍ਰਵਾਸੀ ਭਾਈਚਾਰਾ ਗੁਜ਼ਾਰਾ ਕਰਨ ਲਈ ਜੱਦੋ-ਜਹਿਦ ਕਰਦਾ ਹੈ। ਮੈਂ ਆਮਦਨ ਵਿਚਲੀ ਨਾਬਰਾਬਰੀ ਅਤੇ ਸਮਾਜਕ ਸੇਵਾਵਾਂ ਨੂੰ ਤਰਜੀਹ ਦੇਣਾ ਜਾਰੀ ਰੱਖਾਂਗੀ। |
| **ਲੋਕਰਾਜ ਦੀ ਰਾਖੀ ਕਰਨਾ** | ਇੱਕ ਹਾਲੀਆ ਵਿਸ਼ਲੇਸ਼ਣ ਕੀਤੀ ਗਈ ਰਿਪੋਰਟ ਵਿੱਚ 167 ਦੇਸ਼ਾਂ ਵਿੱਚੋਂ ਅਮਰੀਕਾ ਨੂੰ 25ਵਾਂ ਸਭ ਤੋਂ ਲੋਕਰਾਜੀ ਦੇਸ਼ ਦਾ ਦਰਜਾ ਦਿੱਤਾ ਗਿਆ ਹੈ ਅਤੇ ਇਹ "ਖ਼ਾਮੀਆਂ ਵਾਲੇ ਲੋਕਰਾਜ" ਦੀ ਸ਼੍ਰੇਣੀ ਵਿੱਚ ਬਣਿਆ ਹੋਇਆ ਹੈ। ਮੈਂ ਕੋ-ਗਵਰਨੈਂਸ ਰਾਹੀਂ ਲੋਕਾਂ ਨਾਲ ਹਕੂਮਤ ਕਰਨ ਅਤੇ ਆਪਣੇ ਲੋਕਰਾਜ 'ਤੇ ਕੱਟੜਪੰਥੀ ਹਮਲੇ ਦਾ ਵਿਰੋਧ ਕਰਨ ਲਈ ਵਚਨਬੱਧ ਹਾਂ। |

## ਫ਼ੌਲੋ ਕਰੋ nyc votes

**ਸਾਰੀਆਂ ਹਾਲੀਆ ਚੋਣ ਅਪਡੇਟਸ ਲਈ, ਤੁਸੀਂ NYC Votes ਫ਼ੌਲੋ ਕਰ ਸਕਦੇ ਹੋ**

**@nycvotes**

# ਚੋਣ ਅਲਰਟ ਪ੍ਰਾਪਤ ਕਰੋ

**ਟੈਕਸਟ ਜਾਂ ਈਮੇਲ ਕਰਕੇ ਚੋਣ ਅਲਰਟ ਲਈ ਸਾਈਨ ਅਪ ਕਰੋ! ਮੁੱਖ ਅੰਤਮ-ਤਾਰੀਖ਼ਾਂ ਅਤੇ ਵੋਟ ਕਦੋਂ ਪਾਓ, ਬਾਰੇ ਚੌਕਸ ਰਹੋ।**

**ਇੱਥੇ ਸਕੈਨ ਕਰੋ ਜਾਂ nycvotes.org/stay-informed 'ਤੇ ਜਾਓ**

# ਆਪਣੀ ਵੋਟ-ਪਰਚੀ ਦਾ ਪਲਾਨ ਬਣਾਓ

**ਕੀ ਤੁਸੀਂ ਆਪਣੇ ਉਮੀਦਵਾਰਾਂ ਦੀ ਚੋਣ ਕਰਨੀ ਬੰਦ ਕਰ ਦਿੱਤੀ ਹੈ?**
**ਆਪਣੀ ਵੋਟਾਂ ਪੈਣ ਦੀ ਥਾਂ 'ਤੇ ਆਪਣੇ ਨਾਲ ਆਪਣੀਆਂ ਤਸਵੀਰਾਂ ਲਿਜਾਣ ਲਈ ਸੇਵ ਕਰੋ!**

**ਇੱਥੇ ਸਕੈਨ ਕਰੋ ਜਾਂ punjabi.nycvotes.org/plan-your-ballot 'ਤੇ ਜਾਓ**

# ਪਤਝੜ 2023 ਤਜਵੀਜਾਂ ਵਾਲੀ ਵੋਟ-ਪਰਚੀ


### ਤਜਵੀਜ਼ਾਂ ਵਾਲੀ ਵੋਟ ਪਰਚੀ ਕੀ ਹੈ?

**ਇਸ ਚੋਣ ਵਿਚਲੀਆਂ ਤਜਵੀਜ਼ਾਂ ਸਟੇਟ ਦੇ ਸੰਵਿਧਾਨ ਵਿੱਚ ਤਰਮੀਮਾਂ ਕਰਨ ਲਈ ਹਨ। ਇਸ ਪਤਝੜ ਨੂੰ ਵੋਟ-ਪਰਚੀ 'ਤੇ ਦੋ ਰਾਜਵਿਆਪੀ ਤਜਵੀਜ਼ਾਂ ਹਨ।**

**ਇਹਨਾਂ ਵਿੱਚੋਂ ਹਰ ਇੱਕ ਤਜਵੀਜ਼ 'ਤੇ ਤੁਸੀਂ "ਹਾਂ" ਜਾਂ "ਨਹੀਂ" ਲਈ ਵੋਟ ਪਾ ਸਕਦੇ ਹੋ। ਬਹੁਮਤ ਮਿਲਣ 'ਤੇ ਵੋਟ-ਪਰਚੀ ਦੀਆਂ ਤਜਵੀਜ਼ਾਂ ਨੂੰ ਮੰਜ਼ੂਰੀ ਮਿਲ ਜਾਂਦੀ ਹੈ।**

### ਇਹ ਤਜਵੀਜ਼ਾਂ ਵੋਟ-ਪਰਚੀ 'ਤੇ ਕਿਉਂ ਹਨ?

ਨਿਊਯਾੱਰਕ ਰਾਜ ਵਿਧਾਨਮੰਡਲ ਨਿਊਯਾੱਰਕ ਦੇ ਵਸਨੀਕਾਂ ਵਲੋਂ ਵੋਟ ਪਾਉਣ ਵਾਸਤੇ ਰਾਜਵਿਆਪੀ ਵੋਟ-ਪਰਚੀ ਬਾਰੇ ਕਾਰਵਾਈਆਂ ਤਜਵੀਜ਼ ਕਰਦਾ ਹੈ ਅਤੇ ਉਸ ਨੂੰ ਪਾਸ ਕਰਦਾ ਹੈ।



# ਤਜਵੀਜ਼ਾਂ ਵਾਲੀ ਵੋਟ-ਪਰਚੀ 1

# ਸਮਾਲ ਸਿਟੀ ਸਕੂਲ ਡਿਸਟ੍ਰਿਕਟ ਨੂੰ ਕਰਜ਼ੇ ਦੀ ਖ਼ਾਸ ਸੰਵਿਧਾਨਕ ਬੰਦਿਸ਼ ਤੋਂ ਹਟਾਉਣਾ

## ਤੁਹਾਨੂੰ ਵੋਟ-ਪਰਚੀ 'ਤੇ ਕੀ ਨਜ਼ਰ ਆਏਗਾ

ਸੰਵਿਧਾਨ ਦੇ ਆਰਟੀਕਲ 8, ਸੈਕਸ਼ਨ 4 ਵਿੱਚ ਤਜਵੀਜ਼ਸ਼ੁਦਾ ਤਰਮੀਮ ਛੋਟੇ ਸ਼ਹਿਰ ਦੀਆਂ ਸਕੂਲ ਡਿਸਟ੍ਰਿਕਟ 'ਤੇ ਲਾਈ ਗਈ ਕਰਜ਼ੇ ਦੀ ਖ਼ਾਸ ਸੰਵਿਧਾਨਕ ਬੰਦਿਸ਼ ਹਟਾਉਂਦੀ ਹੈ, ਇਸ ਲਈ ਉਹਨਾਂ ਦੇ ਨਾਲ ਹੀ ਹੋਰ ਸਾਰੀਆਂ ਸਕੂਲ ਡਿਸਟ੍ਰਿਕਟ ਨਾਲ ਇੱਕੋ ਜਿਹਾ ਵਿਹਾਰ ਕੀਤਾ ਜਾਏਗਾ। ਕੀ ਤਜਵੀਜ਼ਸ਼ੁਦਾ ਤਰਮੀਮ ਨੂੰ ਮੰਜ਼ੂਰੀ ਦਿੱਤੀ ਜਾਏਗੀ?

## ਤਜਵੀਜ਼ ਦਾ ਸਾਰ:

ਇਹ ਸੰਵਿਧਾਨਕ ਤਰਮੀਮ ਛੋਟੇ ਸ਼ਹਿਰ ਦੀਆਂ ਸਕੂਲ ਡਿਸਟ੍ਰਿਕਟ ਲਈ ਕਰਜ਼ੇ ਦੀ ਖ਼ਾਸ ਬੰਦਿਸ਼ ਨੂੰ ਹਟਾਉਂਦੀ ਹੈ। ਸਾਰੀਆਂ ਸਕੂਲ ਡਿਸਟ੍ਰਿਕਟ ਲਈ ਸਟੇਟ ਦੇ ਕਾਨੂੰਨ ਵਿੱਚ ਕਰਜ਼ੇ ਦੀ ਬੰਦਿਸ਼ ਤਿਆਰ ਕੀਤੀ ਜਾਏਗੀ।

ਛੋਟੇ ਸ਼ਹਿਰ ਦੀ ਸਕੂਲ ਡਿਸਟ੍ਰਿਕਟ ਉਹ ਹੁੰਦੀ ਹੈ, ਜਿਸ ਵਿੱਚ ਛੋਟੇ ਸ਼ਹਿਰ ਦਾ ਕੁਝ ਹਿੱਸਾ ਸ਼ਾਮਿਲ ਹੁੰਦਾ ਹੈ। ਛੋਟਾ ਸ਼ਹਿਰ ਇੱਕ ਅਜਿਹਾ ਸ਼ਹਿਰ ਹੈ, ਜਿਸ ਵਿੱਚ ਇੱਕ ਲੱਖ ਪੱਚੀ ਹਜ਼ਾਰ ਤੋਂ ਘੱਟ ਲੋਕ ਹੁੰਦੇ ਹਨ।

ਸਟੇਟ ਦਾ ਸੰਵਿਧਾਨ ਇਹ ਬੰਦਿਸ਼ ਲਾਉਂਦਾ ਹੈ ਕਿ ਇੱਕ ਛੋਟੇ ਸ਼ਹਿਰ ਦੀ ਸਕੂਲ ਡਿਸਟ੍ਰਿਕਟ ਕਿੰਨਾ ਕਰਜ਼ਾ ਲੈ ਸਕਦੀ ਹੈ। ਉਹਨਾਂ ਸਕੂਲਾਂ ਦਾ ਕਰਜ਼ਾ ਡਿਸਟ੍ਰਿਕਟ ਵਿੱਚ ਟੈਕਸ ਵਾਲੀ ਰੀਅਲ ਐਸਟੇਟ ਦੇ ਮੁੱਲ ਦੇ ਪੰਜ ਫ਼ੀਸਦ ਤੋਂ ਵੱਧ ਨਹੀਂ ਹੋ ਸਕਦਾ। ਕੁਝ ਖ਼ਰਚਿਆਂ ਲਈ ਛੋਟ ਦਿੱਤੀ ਗਈ ਹੈ। ਹੋਰ ਸਕੂਲ ਡਿਸਟ੍ਰਿਕਟ ਸੰਵਿਧਾਨਕ ਕਰਜ਼ੇ ਦੀ ਬੰਦਿਸ਼ ਹੇਠ ਨਹੀਂ ਹਨ, ਪਰ ਸਟੇਟ ਦੇ ਕਾਨੂੰਨ ਵਲੋਂ ਦਿੱਤੀ ਗਈ ਕਰਜ਼ੇ ਦੀ ਇੱਕ ਅਲੱਗ ਸੀਮਾ ਹੈ। ਸਟੇਟ ਦਾ ਕਾਨੂੰਨ ਕਹਿੰਦਾ ਹੈ ਕਿ ਉਹਨਾਂ ਦਾ ਕਰਜ਼ਾ ਟੈਕਸ ਵਾਲੀ ਅਸਲ ਸੰਪਤੀ ਦੇ ਮੁੱਲ ਦੇ ਦੱਸ ਫ਼ੀਸਦ ਤੋਂ ਵੱਧ ਨਹੀਂ ਹੋ ਸਕਦਾ। ਜੇ ਇਹ ਸੰਵਿਧਾਨਕ ਤਰਮੀਮ ਪਾਸ ਹੋ ਜਾਂਦੀ ਹੈ, ਤਾਂ ਛੋਟੇ ਸ਼ਹਿਰ ਦੀਆਂ ਸਕੂਲ ਡਿਸਟ੍ਰਿਕਟ ਵਿਧਾਨਕਾਰੀ ਕਾਰਵਾਈ ਰਾਹੀਂ ਪਾਸ ਕੀਤੇ ਗਏ ਕਾਨੂੰਨ ਨਾਲ ਹੋਰਨਾਂ ਸਕੂਲ ਡਿਸਟ੍ਰਿਕਟ ਵਾਂਗ ਹੀ ਕਰਜ਼ੇ ਦੀ ਸੀਮਾ ਦੇ ਯੋਗ ਹੋਣਗੀਆਂ।

## ਜੇ ਇਹ ਤਜਵੀਜ਼ ਪਾਸ ਹੁੰਦੀ ਹੈ:

ਛੋਟੇ ਸ਼ਹਿਰ ਦੀਆਂ ਸਕੂਲ ਡਿਸਟ੍ਰਿਕਟ, ਹੋਰਨਾਂ ਸਕੂਲ ਡਿਸਟ੍ਰਿਕਟ ਵਾਂਗ ਕਾਨੂੰਨ ਰਾਹੀਂ ਪਾਸ ਕੀਤੀ ਗਈ ਇੱਕੋ ਜਿਹੀ ਸੀਮਾ ਦੇ ਯੋਗ ਹੋਣਗੀਆਂ।

# ਤਜਵੀਜ਼ਾਂ ਵਾਲੀ ਵੋਟ-ਪਰਚੀ 2

# ਸੀਵੇਜ ਦੇ ਪ੍ਰੋਜੈਕਟ ਬਾਰੇ ਕਰਜ਼ੇ ਨੂੰ ਕਰਜ਼ੇ ਦੀ ਸੀਮਾ ਤੋਂ ਬਾਹਰ ਕਰਨਾ

## ਤੁਹਾਨੂੰ ਵੋਟ-ਪਰਚੀ 'ਤੇ ਕੀ ਨਜ਼ਰ ਆਏਗਾ

ਸੰਵਿਧਾਨ ਦੇ ਆਰਟੀਕਲ 8, ਸੈਕਸ਼ਨ 5 ਵਿੱਚ ਤਜਵੀਜ਼ਸ਼ੁਦਾ ਤਰਮੀਮ ਕਾਊਂਟੀਆਂ, ਸ਼ਹਿਰਾਂ, ਕਸਬਿਆਂ ਅਤੇ ਪਿੰਡਾਂ ਵਿਚਲੀਆਂ ਸੀਵੇਜ ਦੀਆਂ ਸਹੂਲਤਾਂ ਦੀ ਉਸਾਰੀ ਕਰਨ ਲਈ ਆਪਣੀ ਸੰਵਿਧਾਨਕ ਕਰਜ਼ੇ ਦੀ ਸੀਮਾ ਤੋਂ ਕਰਜ਼ਾ ਹਟਾਉਣ ਦਾ ਅਖ਼ਤਿਆਰ ਦੱਸ ਸਾਲ ਲਈ ਵਧਾਉਂਦੀ ਹੈ। ਕੀ ਤਜਵੀਜ਼ਸ਼ੁਦਾ ਤਰਮੀਮ ਨੂੰ ਮੰਜ਼ੂਰੀ ਦਿੱਤੀ ਜਾਏਗੀ?

## ਤਜਵੀਜ਼ ਦਾ ਸਾਰ:

ਸੰਵਿਧਾਨ ਕਾਊਂਟੀਆਂ, ਸ਼ਹਿਰਾਂ, ਕਸਬਿਆਂ ਅਤੇ ਪਿੰਡਾਂ ਵਲੋਂ ਲਏ ਜਾਣ ਵਾਲੇ ਕਰਜ਼ੇ ਨੂੰ ਸੀਮਤ ਕਰਦਾ ਹੈ। ਕਰਜ਼ੇ ਦੀ ਇਸ ਸੀਮਾ ਵਿੱਚ ਸੀਵੇਜ ਦਾ ਟ੍ਰੀਟਮੈਂਟ ਅਤੇ ਨਿਪਟਾਰੇ ਲਈ ਉਸਾਰੀ ਦੇ ਪ੍ਰੋਜੈਕਟਾਂ ਲਈ ਕਰਜ਼ਾ ਸ਼ਾਮਿਲ ਨਹੀਂ ਹੈ। ਸੀਵਰ ਦੇ ਕਰਜ਼ੇ ਬਾਰੇ ਛੋਟ 1 ਜਨਵਰੀ, 2024 ਨੂੰ ਖ਼ਤਮ ਹੋ ਰਹੀ ਹੈ। ਇਹ ਤਰਮੀਮ ਸੀਵਰ ਦੇ ਕਰਜ਼ੇ ਬਾਰੇ ਛੋਟ ਨੂੰ 1 ਜਨਵਰੀ, 2034 ਤੱਕ ਦੱਸ ਸਾਲ ਲਈ ਵਧਾਉਂਦੀ ਹੈ।

ਤਜਵੀਜ਼ਸ਼ੁਦਾ ਤਰਮੀਮ ਸੰਵਿਧਾਨ ਦੇ ਆਰਟੀਕਲ 8 ਦੇ ਸੈਕਸ਼ਨ 5 ਵਿੱਚ ਤਬਦੀਲੀ ਕਰਕੇ ਇੰਜ ਕਰਦੀ ਹੈ।

## ਜੇ ਇਹ ਤਜਵੀਜ਼ ਪਾਸ ਹੁੰਦੀ ਹੈ:

ਸੰਵਿਧਾਨ ਵਲੋਂ ਕਾਊਂਟੀਆਂ, ਸ਼ਹਿਰਾਂ, ਕਸਬਿਆਂ ਅਤੇ ਪਿੰਡਾਂ ਨੂੰ ਕਰਜ਼ੇ ਦੀ ਰਕਮ ਤੋਂ ਸੀਵੇਜ ਦਾ ਟ੍ਰੀਟਮੈਂਟ ਕਰਨ ਅਤੇ ਨਿਪਟਾਰੇ ਦੀਆਂ ਲਾਗਤਾਂ ਨੂੰ ਵਖਰਿਆਉਣ ਦਾ ਕੰਮ ਅਗਲੇ 10 ਸਾਲ ਤੱਕ ਜਾਰੀ ਰਹੇਗਾ।

# NYC Votes ਬਾਰੇ

**ਇੱਕ ਸੁਤੰਤਰ ਸਿਟੀ ਏਜੰਸੀ, ਨਿਊਯਾਰਕ ਸ਼ਹਿਰ ਦਾ ਕੈਮਪੇਨ ਫਾਇਨਾਂਸ ਬੋਰਡ ਹੈ, ਦੀ ਇੱਕ ਪਹਿਲ NYC Votes ਹੈ, ਜੋ ਸਥਾਨਕ ਚੋਣਾਂ ਨੂੰ ਨਿਰਪੱਖ, ਸਮੁੱਚੇ ਅਤੇ ਸਪਸ਼ਟ ਤਰੀਕੇ ਨਾਲ ਕਰਾਉਣ ਨੂੰ ਯਕੀਨੀ ਬਣਾਉਂਦੀ ਹੈ।**

ਅਸੀਂ ਵੋਟਰਾਂ ਅਤੇ ਉਮੀਦਵਾਰਾਂ ਵਿਚਕਾਰ ਇੱਕੋ ਜਿਹੀ ਭਾਈਵਾਲੀ ਨੂੰ ਉਤਸਾਹ ਦਿੰਦੇ ਹਾਂ, ਤਾਂਜੋ ਸਾਡੇ ਚੁਣੇ ਗਏ ਅਧਿਕਾਰੀ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਦੀਆਂ ਜ਼ਰੂਰਤਾਂ ਹੱਲ ਕਰਨ ਅਤੇ ਵੋਟਰਾਂ ਦੇ ਮਸਲੇ ਸੁਲਝਾਉਣ।

ਇੰਜ ਅਸੀਂ ਨਿਊ ਯਾਰਕ ਦੇ ਵਸਨੀਕਾਂ, ਜਿਹਨਾਂ ਵਲੋਂ ਵੋਟ ਪਾਉਣ ਦੀ ਸੰਭਾਵਨਾ ਘੱਟ ਹੀ ਹੈ, ਨੂੰ ਮਜ਼ਬੂਤ ਕਰਨ ਲਈ ਕਰਦੇ ਹਾਂ, ਦਫ਼ਤਰ ਲਈ ਚੋਣ ਲੜਣ ਦੇ ਅੜਿੱਕਿਆਂ ਨੂੰ ਘੱਟ ਕਰਦੇ ਹਾਂ ਅਤੇ ਆਪਣੇ ਚੋਣ-ਪ੍ਰਬੰਧ ਨੂੰ ਬਿਹਤਰ ਬਣਾਉਣ ਲਈ ਹੱਲ ਕੱਢਣ ਦੀ ਪੇਸ਼ਕਸ਼ ਕਰਦੇ ਹਾਂ। NYC Votes ਸ਼ਹਿਰ ਭਰ ਵਿਚਲੇ ਵੋਟਰਾਂ ਨੂੰ ਰਜਿਸਟਰ ਕਰਨ, ਸਿੱਖਿਅਤ ਕਰਨ ਅਤੇ ਸ਼ਾਮਿਲ ਕਰਨ ਲਈ ਭਾਈਚਾਰਕ ਸੰਸਥਾਵਾਂ, ਵਾੱਲੰਟੀਅਰਾਂ ਅਤੇ ਸ਼ਹਿਰ ਦੀਆਂ ਹੋਰਨਾਂ ਏਜੰਸੀਆਂ ਨਾਲ ਭਾਈਵਾਲੀ ਕਰਦੀ ਹੈ। ਸਾਡਾ ਉਦੇਸ, ਸਾਡੀਆਂ ਚੋਣਾਂ ਕਿਵੇਂ ਕੰਮ ਕਰਦੀਆਂ ਹਨ ਅਤੇ ਉਹ ਅਹਿਮ ਕਿਉਂ ਹਨ, ਇਸ ਬਾਰੇ ਦਿਆਨਤਦਾਰੀ ਨਾਲ ਵਿਚਾਰ-ਵਟਾਂਦਰਾ ਕਰਕੇ ਨਿਊ ਯਾਰਕ ਦੇ ਸਾਰੇ ਵਸਨੀਕਾਂ ਵਿਚਕਾਰ ਚੋਣ ਅਮਲ ਦੀ ਵੱਡੀ ਸਮਝ ਬਣਾਉਣੀ ਹੈ।

1988 ਵਿੱਚ ਸਥਾਪਿਤ ਕੀਤੀ ਗਈ ਏਜੰਸੀ, ਨਿਊਯਾਰਕ ਦੇ ਵਸਨੀਕਾਂ ਨੂੰ ਉਹਨਾਂ ਦੀ ਵੋਟ-ਪਰਚੀ 'ਤੇ ਉਮੀਦਵਾਰਾਂ ਬਾਰੇ ਜਾਣਕਾਰੀ ਅਤੇ ਉਹਨਾਂ ਦੇ ਚੋਣ-ਪ੍ਰਚਾਰਾਂ ਲਈ ਰਕਮਾਂ ਕਿਵੇਂ ਮਿਲਦੀਆਂ ਹਨ, ਬਾਰੇ ਪੂਰੀ ਜਾਣਕਾਰੀ ਦਿੰਦੀ ਹੈ। ਸਾਡਾ ਮੈਚਿੰਗ ਫੰਡ ਪ੍ਰੋਗਰਾਮ ਸ਼ਹਿਰ ਦੀ ਫ਼ੰਡਿੰਗ ਦੇ $8 ਤੱਕ ਸਥਾਨਕ ਡੋਨਰ ਦੇ ਹਰ $1 ਨਾਲ ਮੇਲ ਖਾਂਦਾ ਹੈ, ਜਿਸ ਨਾਲ ਸ਼ਹਿਰ ਦੇ ਉਮੀਦਵਾਰਾਂ ਨੂੰ ਖ਼ਾਸ ਹਿੱਤਾਂ ਦੀ ਥਾਂ ਆਪਣੇ ਭਾਈਚਾਰਿਆਂ 'ਤੇ ਧਿਆਨ ਲਾਉਣ ਲਈ ਪ੍ਰੇਰਿਆ ਜਾਂਦਾ ਹੈ।

## ਮੈਚਿੰਗ ਫ਼ੰਡ ਪ੍ਰੋਗਰਾਮ

**ਸ਼ਹਿਰ ਦੇ ਉਮੀਦਵਾਰਾਂ ਲਈ ਤੁਹਾਡੇ ਯੋਗਦਾਨ ਦੀ ਅਹਿਮੀਅਤ ਉਸ ਸਮੇਂ ਵਧ ਜਾਂਦੀ ਹੈ, ਜਦੋਂ ਤੁਸੀਂ ਸ਼ਹਿਰ ਦੇ ਮੈਚਿੰਗ ਫ਼ੰਡਾਂ ਵਿੱਚ ਹਿੱਸਾ ਲੈਣ ਵਾਲੇ ਉਮੀਦਵਾਰਾਂ ਦੀ ਹਿਮਾਇਤ ਕਰਦੇ ਹੋ। ਹਿੱਸਾ ਲੈ ਰਹੇ ਉਮੀਦਵਾਰਾਂ ਲਈ ਸ਼ਹਿਰ ਦੇ ਵਸਨੀਕਾਂ ਤੋਂ ਮਿਲਣ ਵਾਲੇ ਦਾਨ ਦੀ ਮੈਚਿੰਗ $8-ਤੋਂ-$1 ਤੱਕ ਕੀਤੀ ਜਾ ਸਕਦੀ ਹੈ। ਇਸਦਾ ਮਤਲਬ ਇਹ ਹੈ ਕਿ ਜਦੋਂ ਤੁਸੀਂ $10 ਦਿੰਦੇ ਹੋ, ਤਾਂ ਉਮੀਦਵਾਰ ਨੂੰ $90 ਮਿਲਦੇ ਹਨ।**

ਇਹ ਪ੍ਰੋਗਰਾਮ ਇਸ ਗੱਲ ਨੂੰ ਯਕੀਨੀ ਬਣਾਉਣ ਵਿੱਚ ਮਦਦ ਕਰਦਾ ਹੈ ਕਿ ਚੋਣ-ਪ੍ਰਚਾਰ ਲਈ ਰਕਮਾਂ, ਖ਼ਾਸ ਹਿੱਤਾਂ ਦੀ ਬਜਾਇ ਨਿਊ ਯਾਰਕ ਦੇ ਵਸਨੀਕਾਂ ਵਲੋਂ ਦਿੱਤੀ ਜਾਣ ਵਾਲੀ ਡਾੱਲਰ ਦੀ ਮਾਮੂਲੀ ਰਕਮ ਨਾਲ ਪੂਰੀਆਂ ਕੀਤੀਆਂ ਜਾਂਦੀਆਂ ਹਨ। ਇਸਦਾ ਮਤਲਬ ਇਹ ਵੀ ਹੈ ਕਿ ਜਿਹੜੇ ਉਮੀਦਵਾਰ ਅਮੀਰ ਨਹੀਂ ਹਨ, ਪਰ ਭਾਈਚਾਰੇ ਵਿੱਚ ਉਹਨਾਂ ਦੀ ਮਜ਼ਬੂਤ ਹਿਮਾਇਤ ਹੋਣ ਕਰਕੇ ਉਹ ਹੋਰ ਵੰਨ-ਸੁਵੰਨੀ ਅਤੇ ਨੁਮਾਇੰਦਾ ਸਰਕਾਰ ਬਣਾਉਣ ਲਈ ਚੋਣ ਲੜ ਸਕਦੇ ਹਨ। ਨਿਊ ਯਾਰਕ ਦੀ 2021 ਦੀ ਚੋਣ ਵਿੱਚ 83% ਤੋਂ ਵੱਧ ਸਥਾਨਕ ਉਮੀਦਵਾਰਾਂ ਨੇ ਦੱਸਿਆ ਹੈ ਕਿ ਦਫ਼ਤਰ ਲਈ ਚੋਣ ਲੜਣ ਵਾਸਤੇ ਉਹਨਾਂ ਦੀ ਸਮਰੱਥਾ ਲਈ ਮੈਚਿੰਗ ਫ਼ੰਡਾਂ ਨੇ ਅਹਿਮ ਭੂਮਿਕਾ ਨਿਭਾਈ ਸੀ।

**contribute.nycvotes.org 'ਤੇ ਯੋਗਦਾਨ ਪਾਓ**

# ਅਕਸਰ ਪੁੱਛੇ ਜਾਣ ਵਾਲੇ ਸੁਆਲ

## ਆਮ

### ਆਮ ਚੋਣਾਂ ਕੀ ਹਨ?

ਆਮ ਚੋਣ ਵਿੱਚ, ਵੱਖ-ਵੱਖ ਪਾਰਟੀਆਂ ਦੇ ਉਮੀਦਵਾਰ ਚੁਣਿਆ ਗਿਆ ਅਹੁਦਾ ਜਿੱਤਣ ਲਈ ਮੁਕਾਬਲਾ ਕਰਦੇ ਹਨ। ਤੁਸੀਂ ਵੋਟ-ਪਰਚੀ 'ਤੇ ਹਰ ਇੱਕ ਦਫ਼ਤਰ ਲਈ ਕਿਸੇ ਵੀ ਪਾਰਟੀ ਲਾਈਨ 'ਤੇ ਚੋਣ ਲੜ ਰਹੇ ਕਿਸੇ ਵੀ ਉਮੀਦਵਾਰ ਨੂੰ ਵੋਟ ਪਾ ਸਕਦੇ ਹੋ। ਤੁਸੀਂ ਤਜਵੀਜ਼ਾਂ ਵਾਲੀ ਵੋਟ ਪਰਚੀ 'ਤੇ ਵੀ "ਹਾਂ ਜਾਂ ਨਹੀਂ" ਵਿੱਚ ਵੋਟ ਪਾ ਸਕਦੇ ਹੋ। ਅੰਤਮ-ਤਾਰੀਖ਼ ਤੱਕ ਸਾਰੇ ਰਜਿਸਟਰਡ ਵੋਟਰ ਆਮ ਚੋਣਾਂ ਵਿੱਚ ਵੋਟ ਪਾਉਣ ਦੇ ਹੱਕਦਾਰ ਹਨ।

### ਮੈਂ ਵੋਟ ਪਾਉਣ ਲਈ ਰਜਿਸਟਰਡ ਹਾਂ, ਦਾ ਕਿਵੇਂ ਪਤਾ ਲਾ ਸਕਦਾ ਹਾਂ?

**voterlookup.elections.ny.gov** 'ਤੇ ਜਾਓ ਜਾਂ ਸੁਣਨ ਵਿੱਚ ਦਿੱਕਤ ਵਾਲੇ ਲੋਕਾਂ ਲਈ 866-VOTE-NYC (866-868-3692) ਜਾਂ TTY 212-487-5496 'ਤੇ NYC ਚੋਣ ਬੋਰਡ (Board of Elections) ਨੂੰ ਕੱਾਲ ਕਰੋ।

### ਕੀ ਹੁੰਦਾ ਹੈ, ਜੇ ਮੈਂ ਆਖ਼ਰੀ ਵਾਰੀ ਵੋਟ ਪਾਉਣ ਤੋਂ ਬਾਅਦ ਨਿਊਯਾਰਕ ਸਿਟੀ ਦੇ ਅੰਦਰ ਕਿਤੇ ਚਲਾ ਗਿਆ ਸੀ?

ਜਦੋਂ ਤੁਸੀਂ ਜਾਂਦੇ ਹੋ, ਤਾਂ ਤੁਹਾਨੂੰ ਨਵਾਂ ਵੋਟਰ ਰਜਿਸਟ੍ਰੇਸ਼ਨ ਫਾਰਮ ਜਮ੍ਹਾ ਕਰਕੇ ਚੋਣ ਬੋਰਡ (Board of Elections) ਕੋਲ ਆਪਣਾ ਪਤਾ ਬਦਲਵਾਉਣਾ ਚਾਹੀਦਾ ਹੈ। ਤੁਹਾਡਾ ਬਦਲਿਆ ਹੋਇਆ ਪਤਾ 23 ਅਕਤੂਬਰ ਤੱਕ ਚੋਣ ਬੋਰਡ (Board of Elections) ਨੂੰ ਜ਼ਰੂਰ ਮਿਲ ਜਾਣਾ ਚਾਹੀਦਾ ਹੈ। ਸੁਣਨ ਵਿੱਚ ਦਿੱਕਤ ਵਾਲੇ ਲੋਕਾਂ ਲਈ ਇਹ ਪਤਾ ਲਾਉਣ ਵਾਸਤੇ ਕਿ ਕੀ ਤੁਹਾਡੇ ਪਤੇ ਵਿੱਚ ਤਬਦੀਲੀ ਕਰਨ ਬਾਰੇ ਕਾਰਵਾਈ ਹੋ ਰਹੀ ਹੈ,ਲਈ 866-VOTE-NYC (866-868-3692) ਜਾਂ TTY 212-487-5496 'ਤੇ ਕੱਾਲ ਕਰੋ। ਜੇ ਤੁਹਾਡਾ ਪਤਾ ਅਜੇ ਤੱਕ ਅਪਡੇਟ ਨਹੀਂ ਹੋਇਆ, ਤਾਂ ਤੁਸੀਂ ਆਪਣੀ ਵੋਟਾਂ ਪੈਣ ਦੀ ਥਾਂ 'ਤੇ ਇੱਕ ਹਲਫ਼ਨਾਮੇ ਵਾਲੀ ਵੋਟ-ਪਰਚੀ ਲਈ ਬੇਨਤੀ ਕਰਕੇ ਤੁਹਾਡੇ ਨਵੇਂ ਪਤੇ ਲਈ ਮਿੱਥੀ ਗਈ ਵੋਟਾਂ ਪੈਣ ਦੀ ਥਾਂ 'ਤੇ ਵੋਟ ਪਾ ਸਕਦੇ ਹੋ।

## ਡਾਕ ਰਾਹੀਂ ਵੋਟ

### ਗੈਰਹਾਜ਼ਰ ਬੈਲਟ ਲਈ ਬੇਨਤੀ ਕਰਨ ਦੇ ਢੁਕਵੇਂ ਕਾਰਣ ਕਿਹੜੇ ਹਨ?

ਜੇ ਤੁਸੀਂ ਚੋਣ ਦਿਹਾੜਾ ਨਿਊਯਾੱਰਕ ਸਿਟੀ ਤੋਂ ਦੂਰ ਹੋ, ਕੋਈ ਬਿਮਾਰੀ ਜਾਂ ਸਰੀਰਕ ਅਸਮਰੱਥਾ (ਅਪੰਗਤਾ) ਹੈ, ਤੁਸੀਂ ਉਹਨਾਂ ਲੋਕਾਂ ਲਈ ਮੁੱਖ ਦੇਖਭਾਲ ਪ੍ਰੋਵਾਈਡਰ ਹੋ, ਜੋ ਸਰੀਰਕ ਤੌਰ 'ਤੇ ਅਸਮਰੱਥ (ਅਪਾਹਜ), ਵੈਟਰਨਸ ਹੈਲਥ ਐਡਮਿਨਿਸਟ੍ਰੇਸ਼ਨ ਹਸਪਤਾਲ ਦੇ ਵਸਨੀਕ ਜਾਂ ਮਰੀਜ ਹਨ, ਜਾਂ ਜੇ ਤੁਸੀਂ ਕੈਦ ਵਿੱਚ ਹੋ (ਗੁੰਡਾਗਰਦੀ ਦੀ ਸਜ਼ਾ ਤੋਂ ਛੁੱਟ ਕਿਸੇ ਹੋਰ ਕਾਰਣ ਕਰਕੇ) ਜਾਂ ਮੁਕੱਦਮੇ ਦੀ ਉਡੀਕ ਕਰ ਰਹੇ ਹੋ, ਤਾਂ ਤੁਸੀਂ ਗੈਰਹਾਜ਼ਰ ਬੈਲਟ ਲਈ ਬੇਨਤੀ ਕਰ ਸਕਦੇ ਹੋ। ਤੁਸੀਂ ਆਪਣੀ ਗੈਰਹਾਜ਼ਰ ਬੈਲਟ ਵਾਲੇ ਬੇਨਤੀ ਫ਼ਾਰਮ 'ਤੇ ਆਪਣਾ ਕਾਰਣ ਲਿਖ ਸਕਦੇ ਹੋ।

### ਕੀ ਮੈਂ ਗੈਰਹਾਜ਼ਰ ਬੈਲਟ ਲਈ ਬੇਨਤੀ ਕਰਕੇ ਅਜੇ ਵੀ ਆਪ ਜਾਕੇ ਵੋਟ ਪਾਉਣ ਦੇ ਯੋਗ ਹਾਂ

ਜੇ ਤੁਸੀਂ ਗੈਰਹਾਜ਼ਰ ਬੈਲਟ ਲਈ ਬੇਨਤੀ ਕੀਤੀ ਹੈ, ਤਾਂ ਫਿਰ ਤੁਹਾਨੂੰ ਇਸ ਨਾਲ ਵੋਟ ਪਾਉਣ ਦਾ ਪਲਾਨ ਬਣਾਉਣਾ ਚਾਹੀਦਾ ਹੈ। ਚੋਣ ਸ਼ੁਰੂ ਹੋਣ ਦੇ ਸਮੇਂ, ਤੁਸੀਂ ਵੋਟਿੰਗ ਹੋਣ ਵਾਲੀ ਕਿਸੇ ਵੀ ਥਾਂ 'ਤੇ ਭਰੀ ਹੋਈ ਗੈਰਹਾਜ਼ਰ ਬੈਲਟ ਪਾ ਸਕਦੇ ਹੋ। ਹਾਲਾਂਕਿ, ਜੇ ਤੁਸੀਂ ਗੈਰਹਾਜ਼ਰ ਬੈਲਟ ਦੀ ਬੇਨਤੀ ਕਰਨ ਤੋਂ ਬਾਅਦ ਆਪ ਜਾਕੇ ਵੋਟ ਪਾਉਣ ਦੀ ਚੋਣ ਕਰਦੇ ਹੋ, ਤਾਂ ਤੁਹਾਨੂੰ ਆਪਣੀ ਵੋਟਾਂ ਪੈਣ ਦੀ ਥਾਂ 'ਤੇ ਹਲਫ਼ਨਾਮੇ ਵਾਲੀ ਵੋਟ-ਪਰਚੀ ਨਾਲ ਵੋਟ ਪਾਉਣੀ ਪਏਗੀ। ਇਹ ਵੋਟ-ਪਰਚੀ ਵੱਖਰੀ ਨਜ਼ਰ ਆਏਗੀ। ਜੇ ਤੁਹਾਨੂੰ ਇਸਦੀ ਲੋੜ ਹੈ, ਤਾਂ ਮਦਦ ਲਈ ਪੋਲ ਵਰਕਰ ਨੂੰ ਕਹੋ।

### ਕੀ ਮੈਨੂੰ ਡਾਕ ਟਿਕਟਾਂ ਲਾਉਣ ਦੀ ਲੋੜ ਹੈ, ਜੇ ਮੈਂ ਆਪਣੀ ਵੋਟ-ਪਰਚੀ ਡਾਕ ਰਾਹੀਂ ਭੇਜਦਾ ਹਾਂ?

ਨਹੀਂ, ਤੁਹਾਨੂੰ ਡਾਕ ਟਿਕਟਾਂ ਨਹੀਂ ਲਾਉਣੀਆਂ ਪੈਣੀਆਂ। ਹਾਲਾਂਕਿ, ਜਿੰਨੀ ਛੇਤੀ ਸੰਭਵ ਹੋਵੇ, ਆਪਣੀ ਵੋਟ-ਪਰਚੀ ਵਾਪਸ ਡਾਕ ਰਾਹੀਂ ਭੇਜਣੀ ਯਕੀਨੀ ਬਣਾਓ। ਵੈਧ ਹੋਣ ਲਈ ਇਸ ਨੂੰ ਚੋਣ ਦਿਹਾੜਾ ਤੱਕ ਪੋਸਟਮਾਰਕ ਜ਼ਰੂਰ ਕੀਤਾ ਜਾਣਾ ਚਾਹੀਦਾ ਹੈ ਅਤੇ ਇਹ 14 ਨਵੰਬਰ ਤੱਕ ਕਾਉਂਟੀ ਬੋਰਡ ਕੋਲ ਜ਼ਰੂਰ ਪਹੁੰਚ ਜਾਣਾ ਚਾਹੀਦਾ ਹੈ।

### ਕੀ ਮੈਂ ਆਪਣੀ ਵੋਟਾਂ ਪੈਣ ਦੀ ਥਾਂ 'ਤੇ ਗੈਰਹਾਜ਼ਰ ਬੈਲਟ ਪਾ ਸਕਦਾ/ਸਕਦੀ ਹਾਂ?

ਹਾਂ! ਤੁਸੀਂ ਕਿਸੇ ਵੀ NYC ਦੀ ਵੋਟਾਂ ਪੈਣ ਦੀ ਥਾਂ 'ਤੇ ਜਾਂ ਚੋਣ ਬੋਰਡ ਦੇ ਦਫ਼ਤਰ ਵਿੱਚ ਆਪਣੀ ਭਰੀ ਹੋਈ ਗੈਰਹਾਜ਼ਰ ਬੈਲਟ ਪਾ ਸਕਦੇ ਹੋ। ਮੂਹਰਲੇ ਡੈਸਕ 'ਤੇ ਵੋਟ-ਪਰਚੀਆਂ ਵਾਲਾ ਡੱਬਾ ਮਿਲਣਗੇ। ਤੁਹਾਨੂੰ ਡਾਕ ਟਿਕਟਾਂ ਨਹੀਂ ਲਾਉਣੀਆਂ ਪੈਣੀਆਂ।

### ਕੀ ਮੈਂ ਆਪਣੀ ਵੋਟ-ਪਰਚੀ ਵਾਪਸ ਕਰਨ ਤੋਂ ਬਾਅਦ ਇਸਦਾ ਟ੍ਰੈਕ ਕਰ ਸਕਦਾ ਹਾਂ?

ਹਾਂ! **nycabsentee.com/tracking** 'ਤੇ ਜਾਓ।

### ਕੀ ਹੁੰਦਾ ਹੈ, ਜੇ ਮੇਰੀ ਗੈਰਹਾਜ਼ਰ ਬੈਲਟ ਨਾਲ ਕੋਈ ਮਸਲਾ ਹੈ? ਕੀ ਮੈਨੂੰ ਇਸ ਨੂੰ ਦਰੁਸਤ ਕਰਨ ਦਾ ਮੌਕਾ ਮਿਲੇਗਾ?

ਜੇ ਤੁਹਾਡੀ ਵੋਟ-ਪਰਚੀ ਦੇ ਲਿਫ਼ਾਫ਼ੇ 'ਤੇ ਦਸਤਖ਼ਤ ਨਾ ਕਰਨ ਜਾਂ ਗ਼ਲਤ ਦਸਤਖ਼ਤ ਕਰਨ ਵਰਗੀ ਕੋਈ ਠੀਕ ਕਰਨ ਵਾਲੀ ਗ਼ਲਤੀ ਹੈ, ਤਾਂ ਤੁਹਾਨੂੰ ਕਾਨੂੰਨ ਦੀ ਲੋੜ ਅਨੁਸਾਰ ਇਸ ਬਾਰੇ ਚੋਣ ਬੋਰਡ ਨੂੰ ਦੱਸਣਾ ਪੈਣਾ ਹੈ। ਜੇ ਤੁਹਾਡੀ ਵੋਟ-ਪਰਚੀ 'ਤੇ ਕੋਈ ਠੀਕ ਕਰਨ ਵਾਲੀ ਗ਼ਲਤੀ ਹੈ, ਤਾਂ ਦਫ਼ਤਰ ਇਸ ਗ਼ਲਤੀ ਦਾ ਪਤਾ ਲੱਗਣ ਦੇ 1 ਦਿਨ ਦੇ ਅੰਦਰ ਡਾਕ, ਈਮੇਲ ਜਾਂ ਫੋਨ (ਜੇ ਉਪਲਬਧ ਹੈ) ਰਾਹੀਂ ਤੁਹਾਡੇ ਨਾਲ ਸੰਪਰਕ ਕਰੇਗਾ। ਫਿਰ, ਦਸਤਖ਼ਤਸ਼ੁਦਾ ਪੁਸ਼ਟੀ ਵਾਪਸ ਕਰਕੇ ਉਸ ਗ਼ਲਤੀ ਨੂੰ ਠੀਕ ਕਰਨ ਲਈ ਤੁਹਾਡੇ ਕੋਲ ਦਫ਼ਤਰੀ ਕੰਮਕਾਜ ਦੇ 7 ਦਿਨ ਤੱਕ ਹੋਣਗੇ।

# ਹੋਰ ਸੁਆਲ ਹਨ?

punjabi.nycvotes.org/faqs 'ਤੇ ਜਾਓ!

ਤੁਸੀਂ ਸਾਨੂੰ nycvotes@nyccfb.info 'ਤੇ ਵੀ ਈਮੇਲ ਕਰ ਸਕਦੇ ਹੋ ਜਾਂ Instagram, Twitter, Facebook ਜਾਂ Reddit (@nycvotes) 'ਤੇ ਮੈਸੇਜ ਕਰ ਸਕਦੇ ਹੋ।

## ਚੋਣ ਬੋਰਡ ਦੇ ਨਾਲ ਆਪਣੀ ਜਾਣਕਾਰੀ ਅਪਡੇਟ ਕਰੋ

ਸਾਨੂੰ ਤੁਹਾਡਾ ਨਾਂ ਅਤੇ ਪਤਾ ਨਿਊਯਾਰਕ ਸ਼ਹਿਰ ਚੋਣ ਬੋਰਡ ਵਲੋਂ ਪ੍ਰਬੰਧ ਕੀਤੀ ਗਈ ਰਜਿਸਟਰਡ ਵੋਟਰਾਂ ਦੀ ਸੂਚੀ ਤੋਂ ਮਿਲ ਗਿਆ ਹੈ।

ਜੇ ਤੁਹਾਨੂੰ ਮੇਲ ਰਾਹੀਂ ਵੋਟ ਮਿਲਦੀ ਹੈ, ਪਰ ਤੁਸੀਂ ਉਸ ਪਤੇ 'ਤੇ ਨਹੀਂ ਰਹਿੰਦੇ ਜਾਂ ਪਿਛਲਾ ਵਸਨੀਕ ਚਲਾ ਗਿਆ ਹੈ ਜਾਂ ਉਸਦੀ ਮੌਤ ਹੋ ਗਈ ਹੈ, ਤਾਂ ਚੋਣ ਬੋਰਡ ਨੂੰ ਦੱਸੋ, ਤਾਂਜੋ ਉਹ ਆਪਣੇ ਰਿਕਾੱਰਡ ਦਰੁਸਤ ਕਰ ਸਕਣ।

## ਵੋਟਰ ਗਾਈਡ ਬਾਰੇ

NYC VOTES

ਕਾਨੂੰਨ ਅਨੁਸਾਰ, ਨਿਊਯਾਰਕ ਸ਼ਹਿਰ ਦਾ ਕੈਮਪੇਨ ਫਾਇਨਾਂਸ ਬੋਰਡ ਨੂੰ ਸ਼ਹਿਰ ਦੀਆਂ ਚੋਣਾਂ ਲਈ ਨਿਊਯਾੱਰਕ ਸਿਟੀ ਵਿੱਚ ਰਜਿਸਟਰਡ ਵੋਟਰ ਵਾਲੇ ਹਰ ਇੱਕ ਘਰ ਵਿੱਚ ਇੱਕ ਵੋਟਰ ਗਾਈਡ ਜ਼ਰੂਰ ਭੇਜਣੀ ਚਾਹੀਦੀ ਹੈ। ਅਸੀਂ ਹਰ ਰਜਿਸਟਰਡ ਵੋਟਰ ਲਈ ਇਹ ਗਾਈਡ ਅੰਗ੍ਰੇਜ਼ੀ ਅਤੇ ਸਪੈਨਿਸ਼ ਅਤੇ ਮਰਦਮਸ਼ੁਮਾਰੀ ਦੇ ਅੰਕੜਿਆਂ ਦੇ ਅਧਾਰ 'ਤੇ ਮਿੱਥੇ ਹੋਏ ਇਲਾਕਿਆਂ ਵਿਚਲੇ ਵੋਟਰਾਂ ਨੂੰ ਅਰਬੀ, ਬੰਗਾਲੀ, ਚੀਨੀ, ਫ੍ਰੈਂਚ, ਹੈਤੀਅਨ ਕ੍ਰਿਓਲ, ਹਿੰਦੀ, ਕੋਰੀਅਨ, ਪੌਲਿਸ਼, ਪੰਜਾਬੀ, ਰੂਸੀ ਅਤੇ ਉਰਦੂ ਵਿੱਚ ਭੇਜਦੇ ਹਾਂ।

ਇਸ ਗਾਈਡ ਵਿੱਚ ਉਹ ਸਾਰੇ ਉਮੀਦਵਾਰ ਸ਼ਾਮਿਲ ਹਨ, ਜਿਹਨਾਂ ਦੀ ਇਸਦੀ ਛਪਾਈ ਸਮੇਂ ਵੋਟ-ਪਰਚੀ 'ਤੇ ਹੋਣ ਦੀ ਸੰਭਾਵਨਾ ਸੀ। ਇੱਕ ਅਪਡੇਟ ਸੂਚੀ ਲਈ, **nycvotes.org/pa** 'ਤੇ ਔਨਲਾਈਨ ਗਾਈਡ 'ਤੇ ਜਾਓ।

ਨਿਊਯਾੱਰਕ ਸਿਟੀ 2023 ਦੀਆਂ ਆਮ ਚੋਣਾਂ ਬਾਰੇ ਵੋਟਰ ਗਾਈਡ। ਕਾੱਪੀਰਾਈਟ © 2023 ਨਿਊਯਾਰਕ ਸ਼ਹਿਰ ਦਾ ਕੈਮਪੇਨ ਫਾਇਨਾਂਸ ਬੋਰਡ ਨਿਊਯਾਰਕ ਸਾਰੇ ਹੱਕ ਰਾਖਵੇਂ ਹਨ। ਬੈੱਲਵੈਦਰ ਏਜੰਸੀ ਵਲੋਂ ਡਿਜ਼ਾਈਨ। ਅਮਰੀਕਾ ਵਿੱਚ ਤਿਆਰ ਕੀਤੀ ਗਈ ਹੈ

## ਚੋਣ ਬੋਰਡ ਨਾਲ ਸੰਪਰਕ ਕਰੋ

ਚੋਣ ਬੋਰਡ ਸਾਡੀਆਂ ਚੋਣਾਂ ਦਾ ਪ੍ਰਬੰਧ ਕਰਦਾ ਹੈ ਅਤੇ ਰਜਿਸਟਰਡ ਵੋਟਰਾਂ ਦੇ ਡਾਟਾਬੇਸ ਦੀ ਸਾਂਭ-ਸੰਭਾਲ, ਵੋਟਾਂ ਪੈਣ ਵਾਲੀਆਂ ਥਾਵਾਂ ਦੀ ਨਿਗਰਾਨੀ, ਵੋਟ-ਪਰਚੀਆਂ ਦੀ ਗਿਣਤੀ ਅਤੇ ਚੋਣ ਨਤੀਜਿਆਂ ਦੀ ਰਿਪੋਰਟ ਕਰਨ ਲਈ ਜ਼ਿੰਮੇਵਾਰ ਹੈ। ਤੁਸੀਂ ਚੋਣ ਬੋਰਡ ਕੋਲ ਆਪਣੀ ਵੋਟਰ ਰਜਿਸਟ੍ਰੇਸ਼ਨ ਅਪਡੇਟ ਕਰ ਸਕਦੇ ਹੋ, ਗੈਰਹਾਜ਼ਰ ਬੈਲਟ ਲਈ ਅਪਲਾਈ ਕਰ ਸਕਦੇ ਹੋ, ਪੋਲ ਵਰਕਰ ਜਾਂ ਭਾਸ਼ਾ ਬਾਰੇ ਦੁਭਾਸੀਆ ਲਈ ਅਪਲਾਈ ਅਤੇ ਹੋਰ ਬਹੁਤ ਕੁਝ ਕਰ ਸਕਦੇ ਹੋ।

### ਕੰਮ-ਕਾਜ ਦਾ ਆਮ ਸਮਾਂ

ਸਵੇਰੇ 9:00 ਵਜੇ ਤੋਂ ਸ਼ਾਮੀਂ 5:00 ਵਜੇ ਤੱਕ ਸੋਮਵਾਰ ਤੋਂ ਸ਼ੁੱਕਰਵਾਰ ਅਤੇ ਚੋਣ-ਦਿਵਸ 'ਤੇ ਅਤੇ ਉਸਤੋਂ ਪਹਿਲਾਂ ਪੈਣ ਵਾਲੇ ਵੀਕਐਂਡ ਦੌਰਾਨ। ਕੰਮ-ਕਾਜ ਦੇ ਸਮਿਆਂ ਲਈ **vote.nyc** 'ਤੇ ਪਤਾ ਲਾਓ।

866-VOTE-NYC (TTY 212-487-5496 ਸੁਣਨ ਵਿੱਚ ਦਿੱਕਤ ਵਾਲੇ ਲੋਕਾਂ ਲਈ)

**ਹੋਰ ਜਾਣਨ ਲਈ vote.nyc 'ਤੇ ਜਾਓ**

| | ਪਤਾ | ਫੋਨ ਨੰਬਰ |
|---|---|---|
| **ਆਮ ਦਫ਼ਤਰ** | 32-42 Broadway, 7th Floor<br>New York, NY 10004 | 212-487-5400 |
| **ਬ੍ਰੌਂਕਸ** | 1780 Grand Concourse, 5th Floor<br>Bronx, NY 10457 | 718-299-9017 |
| **ਬਰੁਕਲਿਨ** | 345 Adams Street, 4th Floor<br>Brooklyn, NY 11201 | 718-797-8800 |
| **ਮੈਨਹੱਟਨ** | 200 Varick Street, 10th Floor<br>New York, NY 10014 | 212-886-2100 |
| **ਕੁਈਨਸ** | 118-35 Queens Boulevard, 11th Floor<br>Forest Hills, NY 11375 | 718-730-6730 |
| **ਸਟੇਟਨ ਆਈਲੈਂਡ** | 1 Edgewater Plaza, 4th Floor<br>Staten Island, NY 10305 | 718-876-0079 |